5-March-Sunday.qxd 3/4/2023 10:05 PM Page 1

ਕੁਲਵਿੰਦਰ ਚਾਵਲਾ ਦੀਆਂ ਕਵਿਤਾਵਾਂ ਆਖਰੀ ਤੋਂ ਪਹਿਲੇ ਸਫ਼ੇ 'ਤੇ

ਨਵਾਂ ਜ਼ਮਾਨਾ ਐਤਵਾਰਤਾ

Regd. No : Pb/JL-123/2021-2023, (R.N.I.)-00068/57

ਜਲੰਧਰ : ਐਤਵਾਰ, 5 ਮਾਰਚ 2023

www.nawanzamana.in

ਕੀਮਤ 5.00 ਰੁਪਏ

ਬਹੁਤ ਖ਼ੁਸ਼ਕਿਸਮਤ ਰਹੇ
ਜਿਨ੍ਹਾਂ ਨੂੰ ਪਿਆਲੇ ਮਿਲ ਗਏ
ਆਪਣੇ ਹਿੱਸੇ ਦਾ ਵਿਸ਼ ਪੀਤਾ
ਅਸੀਂ ਤਾਂ ਓਕ ਨਾਲ

-ਜਗਵਿੰਦਰ ਜੋਧਾ

ਹਿੰਡਨਬਰਗ ਰਿਪੋਰਟ ਅਤੇ ਪਰੰਜੋਏ ਗੁਹਾ ਠਾਕੁਰਤਾ ਦੀ ਬੇਬਾਕੀ

ਸਮਕਾਲੀ ਸਰੋਕਾਰ

ਪੇਸ਼ਕਸ਼ : ਬੂਟਾ ਸਿੰਘ ਮਹਿਮੂਦਪੁਰ

ਅਹਿਮਦਾਬਾਦ ਦੀ ਇਕ ਅਦਾਲਤ ਵੱਲੋਂ ਉੱਘੇ ਪੱਤਰਕਾਰ ਪਰੰਜੋਏ ਗੁਹਾ ਠਾਕੁਰਤਾ ਨੂੰ ਹੁਕਮ ਸੁਣਾਇਆ ਗਿਆ ਸੀ ਕਿ ਉਹ ਕੁਝ ਵੀ ਐਸਾ ਬੋਲੇਗਾ ਜਾਂ ਲਿਖੇਗਾ ਨਹੀਂ, ਜੋ ਅਡਾਨੀ ਸਮੂਹ ਦੇ ਹਿੱਤਾਂ ਦੇ ਵਿਰੁੱਧ ਜਾ ਸਕਦਾ ਹੋਵੇ। ਇਸ ਹੁਕਮ ਤੋਂ ਢਾਈ ਸਾਲ ਬਾਅਦ ਪਰੰਜੋਏ ਗੁਹਾ ਠਾਕੁਰਤਾ ਨੇ ਆਪਣੀ ਚੁੱਪ ਤੋੜੀ ਹੈ। ਹਿੰਡਨਬਰਗ ਰਿਸਰਚ ਰਿਪੋਰਟ, ਜਿਸ ਨਾਲ ਅਡਾਨੀ ਸਮੂਹ ਦੇ ਸ਼ੇਅਰਾਂ ਦੀਆਂ ਕੀਮਤਾਂ ਵਿਚ ਭੁਚਾਲ ਆ ਗਿਆ ਅਤੇ ਜਿਸ ਨੇ ਕਾਰਪੋਰੇਟ ਗਵਰਨੈਂਸ ਵਿਚ ਭਾਰਤੀ ਈਮਾਨਦਾਰੀ ਦਾ ਪਾਜ਼ ਅੰਤਰਰਾਸ਼ਟਰੀ ਪੱਧਰ 'ਤੇ ਉਘੇੜ ਦਿੱਤਾ, ਵਿਚ ਪਰੰਜੋਏ ਗੁਹਾ ਠਾਕੁਰਤਾ ਦਾ ਪ੍ਰਮੁੱਖਤਾ ਨਾਲ ਜ਼ਿਕਰ ਕੀਤਾ ਗਿਆ ਹੈ। ਪਰੰਜੋਏ ਨੇ ਅਹਿਮਦਾਬਾਦ ਦੀ ਇਕ ਅਦਾਲਤ ਦੁਆਰਾ ਜ਼ੁਬਾਨਬੰਦੀ ਦਾ ਫੁਰਮਾਨ ਸੁਣਾਉਣ ਤੋਂ ਢਾਈ ਸਾਲ ਬਾਅਦ ਆਪਣੀ ਚੁੱਪ ਤੋੜੀ ਹੈ। ਉਸ ਨੇ 'ਦੀ ਟੈਲੀਗ੍ਰਾਫ਼' ਦੁਆਰਾ ਪੁੱਛੇ ਗਏ ਸਵਾਲਾਂ ਦੇ ਜਵਾਬ ਵਿਚ ਕਿਹਾ, 'ਮੈਂ ਅਦਾਲਤ ਦੀ ਮਾਣਹਾਨੀ ਨਹੀਂ ਕਰਨਾ ਚਾਹੁੰਦਾ। ਮੈਂ ਤੁਹਾਨੂੰ ਸਿਰਫ਼ ਤੱਥ ਦੱਸੇ ਹਨ।' ਪੇਸ਼ ਹਨ ਗੁਹਾ ਠਾਕੁਰਤਾ ਨਾਲ ਹੋਈ ਗੱਲਬਾਤ ਦੇ ਅੰਸ਼:

? ਅਡਾਨੀ ਸਮੂਹ ਵਿਚ ਤੁਹਾਡੀ ਦਿਲਚਸਪੀ ਕਿਸ ਚੀਜ਼ ਨੇ ਪੈਦਾ ਕੀਤੀ।

—ਮੈਂ ਅਡਾਨੀ ਸਮੂਹ ਬਾਰੇ ਲਿਖਣਾ ਸ਼ੁਰੂ ਕੀਤਾ, ਕਿਉਂਕਿ ਮੈਂ ਕਾਰਪੋਰੇਟ ਸੈਕਟਰ, ਅਰਥ ਵਿਵਸਥਾ ਬਾਰੇ ਲਿਖਦਾ ਹਾਂ। ਬਤੌਰ ਪੱਤਰਕਾਰ ਮੇਰੀ ਦਿਲਚਸਪੀ ਦਾ ਖੇਤਰ ਸਿਆਸੀ ਆਰਥਿਕਤਾ ਹੈ। ਮੈਂ 45 ਸਾਲਾਂ ਤੋਂ ਪੱਤਰਕਾਰ ਹਾਂ ਅਤੇ ਹੁਣ ਮੈਂ 67 ਸਾਲਾਂ ਦਾ ਹਾਂ। ਅਡਾਨੀ ਸਮੂਹ ਦਾ ਉਭਾਰ ਸੱਚਮੁੱਚ ਅਸਧਾਰਨ ਰਿਹਾ ਹੈ। 20 ਸਾਲ ਪਹਿਲਾਂ ਅਡਾਨੀ ਗਰੁੱਪ ਬਾਰੇ ਬਹੁਤ ਘੱਟ ਲੋਕ ਜਾਣਦੇ ਸਨ। 10 ਦਿਨ ਪਹਿਲਾਂ ਤੱਕ ਉਹ ਦੁਨੀਆ ਦਾ ਤੀਜਾ ਸਭ ਤੋਂ ਅਮੀਰ ਆਦਮੀ, ਇਸੇ ਤਰ੍ਹਾਂ ਏਸ਼ੀਆ ਦਾ ਸਭ ਤੋਂ ਅਮੀਰ ਆਦਮੀ ਸੀ। ਹੁਣ, ਉਸ ਦੀ ਸੂਚੀਬੱਧ ਕੰਪਨੀਆਂ ਦੇ ਸ਼ੇਅਰ ਲੁੜਕਣ ਤੋਂ ਬਾਅਦ ਉਹ ਉਸ ਮੁਕਾਮ ਤੋਂ ਹੇਠਾਂ ਆ ਡਿੱਗਿਆ ਹੈ। ਲਿਹਾਜ਼ਾ, ਜੇਕਰ ਅਡਾਨੀ ਸਮੂਹ ਦਾ ਉਭਾਰ ਹੈਰਾਨੀਜਨਕ ਰਿਹਾ ਹੈ, ਤਾਂ ਇਸ ਦਾ ਪਤਨ ਤਾਂ ਹੋਰ ਵੀ ਹੈਰਾਨੀਜਨਕ ਰਿਹਾ ਹੈ। 24 ਜਨਵਰੀ ਨੂੰ ਹਿੰਡਨਬਰਗ ਰਿਸਰਚ ਰਿਪੋਰਟ ਦੇ ਖ਼ੁਲਾਸੇ ਹੋਣ ਤੋਂ ਪਹਿਲਾਂ ਮੇਰੇ ਸਮੇਤ ਸਾਡੇ ਵਿੱਚੋਂ ਬਹੁਤ ਘੱਟ ਲੋਕਾਂ ਨੇ ਕਦੇ ਕਲਪਨਾ ਕੀਤੀ ਹੋਵੇਗੀ ਕਿ ਅਡਾਨੀ ਸਮੂਹ ਦਾ ਵਾਧਾ ਜਾਰੀ ਨਹੀਂ ਰਹੇਗਾ।

? ਅਡਾਨੀ ਸਮੂਹ ਦਾ ਹੋਰ ਬਹੁਤ ਸਾਰੇ ਭਾਰਤੀ ਕਾਰਪੋਰੇਟਾਂ ਤੋਂ ਵੱਖਰਾ ਕੀ ਹੈ।

—ਜੋ ਦਰਅਸਲ ਅਸਧਾਰਨ ਹੈ, ਉਹ ਹੈ ਅਡਾਨੀ ਸਮੂਹ ਦਾ ਭਾਰਤੀ ਅਰਥਚਾਰੇ ਦੇ ਬਹੁਤ ਸਾਰੇ ਖੇਤਰਾਂ ਅਤੇ ਹਿੱਸਿਆਂ 'ਤੇ ਦਬਦਬਾ ਬਣਾਉਣ ਦਾ ਤਰੀਕਾ। ਇਹ ਭਾਰਤ ਵਿਚ ਸਭ ਤੋਂ ਵੱਡਾ ਵਪਾਰਕ ਬੰਦਰਗਾਹ ਅਪਰੇਟਰ ਹੈ। ਇਹ ਭਾਰਤ ਦੇ ਪੱਛਮੀ ਅਤੇ ਪੂਰਬੀ ਤੱਟ ਦੇ ਨਾਲ ਇਕ ਦਰਜਨ ਬੰਦਰਗਾਹਾਂ ਦਾ ਸੰਚਾਲਨ ਕਰਦਾ ਹੈ। ਅੰਤਰਰਾਸ਼ਟਰੀ ਤੌਰ 'ਤੇ ਇਸ ਕੋਲ ਇਜ਼ਰਾਈਲ ਵਿਚ ਹਾਇਫ਼ਾ ਬੰਦਰਗਾਹ ਹੈ ਅਤੇ ਆਸਟ੍ਰੇਲੀਆ ਵਿਚ ਐਬੋਟ ਪੁਆਇੰਟ ਬੰਦਰਗਾਹ ਹੈ।

ਅਡਾਨੀ ਨਿੱਜੀ ਖੇਤਰ ਦੇ ਸਭ ਤੋਂ ਵੱਡੇ ਏਅਰਪੋਰਟ ਅਪਰੇਟਰਾਂ ਵਿੱਚੋਂ ਇਕ ਹੈ, ਇਹ ਸੀ ਆਈ ਐੱਲ (ਕੋਲ ਇੰਡੀਆ ਲਿਮਟਿਡ) ਤੋਂ ਬਾਅਦ ਕੋਲਾ ਖਾਣਾਂ ਦਾ ਦੂਜਾ ਸਭ ਤੋਂ ਵੱਡਾ ਅਪਰੇਟਰ ਹੈ। ਇੰਡੋਨੇਸ਼ੀਆ ਅਤੇ ਆਸਟ੍ਰੇਲੀਆ ਵਿਚ ਇਸ ਦੀਆਂ ਖਾਣਾਂ ਹਨ। ਇਹ ਭਾਰਤ ਲਈ ਕੋਲੇ ਦਾ ਸਭ ਤੋਂ ਵੱਡਾ ਆਯਾਤ ਕਰਤਾ ਹੈ, ਇਹ ਨੈਸ਼ਨਲ ਥਰਮਲ ਪਾਵਰ ਕਾਰਪੋਰੇਸ਼ਨ ਤੋਂ ਬਾਅਦ ਕੋਲੇ ਤੋਂ ਬਿਜਲੀ ਬਣਾਉਣ ਵਾਲਾ ਦੂਜਾ ਸਭ ਤੋਂ ਵੱਡਾ ਉਤਪਾਦਨ ਕਰਤਾ ਹੈ। 15 ਸਾਲ ਪਹਿਲਾਂ ਅਡਾਨੀ ਸਮੂਹ ਕੱਟੇ ਹੋਏ ਅਤੇ ਪਾਲਿਸ਼ ਕੀਤੇ ਹੀਰਿਆਂ ਦਾ ਸਭ ਤੋਂ ਵੱਡਾ ਕਾਰੋਬਾਰੀ ਵੀ ਹੁੰਦਾ ਸੀ। ਇਸ ਖੇਤਰ ਦੇ ਹਿੱਤ ਇਸ ਨੇ ਜਤਿਨ ਮਹਿਤਾ ਦੇ ਵਿੰਸਮ ਡਾਇਮੰਡਜ਼ ਸਮੇਤ ਹੋਰ ਕਾਰੋਬਾਰੀਆਂ ਦੇ ਹਵਾਲੇ ਕਰ ਦਿੱਤੇ, ਜੋ ਵਿਨੋਦ ਅਡਾਨੀ ਦੀ ਧੀ (ਵਿਨੋਦ ਗੌਤਮ ਅਡਾਨੀ ਦਾ ਭਰਾ ਹੈ) ਦਾ ਸਹੁਰਾ ਯਾਨਿ ਉਸ ਦਾ ਕੁੜਮ ਹੈ। ਜਤਿਨ ਮਹਿਤਾ ਇਸ ਸਮੇਂ ਮੁਲਕ ਤੋਂ ਬਾਹਰ ਹੈ। ਵਿੰਸਮ ਡਾਇਮੰਡਜ਼ ਬੈਂਕਾਂ ਦੇ ਡੁੱਬੇ ਹੋਏ ਕਰਜ਼ਿਆਂ ਦੇ ਮਾਮਲੇ 'ਚ ਸਭ ਤੋਂ ਵੱਡੇ ਕਰਜ਼ਾਈਆਂ 'ਚੋਂ ਹੈ।

? ਤੁਸੀਂ ਅਡਾਨੀ ਗਰੁੱਪ ਬਾਰੇ ਪਹਿਲੀ ਵਾਰ ਕਦੋਂ ਲਿਖਿਆ।

—2015 ਵਿਚ ਮੇਰਾ ਲੇਖ ਉਸ ਸਮਗਰੀ ਦਾ ਸੰਗ੍ਰਹਿ ਸੀ, ਜੋ ਪਹਿਲਾਂ ਹੀ ਜਨਤਕ ਖੇਤਰ ਵਿਚ ਸਨ। ਪਹਿਲਾ ਲੇਖ, ਜਿਸ ਨੂੰ ਕੋਈ ਨਿਵੇਕਲਾ ਕਹਿ ਸਕਦਾ ਹੈ, ਉਹ ਅਪ੍ਰੈਲ 2016 ਵਿਚ ਛਪਿਆ, ਜਦੋਂ ਮੈਂ ਇਕਨਾਮਿਕ ਐਂਡ ਪੋਲੀਟੀਕਲ ਵੀਕਲੀ (ਈ ਪੀ ਡਬਲਯੂ) ਦਾ ਸੰਪਾਦਕ ਸੀ। ਮੈਂ ਈ ਪੀ ਡਬਲਯੂ ਵਿਚ ਕਈ ਲੇਖ ਲਿਖੇ, ਜਿਸ ਵਿਚ ਇਸ ਗਰੁੱਪ ਦੇ ਤਰਾਸ਼ੇ ਅਤੇ ਪਾਲਿਸ਼ ਕੀਤੇ ਹੀਰਿਆਂ ਦੇ ਕਾਰੋਬਾਰ ਦੇ ਲਾਭਾਂ ਦੀ ਦੁਰਵਰਤੋਂ, ਪਾਵਰ ਦੀ ਕੀਮਤ ਦੇ ਦੋਸ਼ ਸ਼ਾਮਲ ਹਨ। ਮੈਂ ਜੋ ਆਖ਼ਰੀ ਲੇਖ ਈ ਪੀ ਡਬਲਯੂ ਲਈ ਜੂਨ 2017 ਵਿਚ ਲਿਖਿਆ, ਉਹ ਐੱਸ ਈ ਜ਼ੈੱਡ (ਵਿਸ਼ੇਸ਼ ਆਰਥਕ ਖੇਤਰਾਂ) ਵਿਚ ਬਿਜਲੀ ਪ੍ਰੋਜੈਕਟਾਂ ਨਾਲ ਸੰਬੰਧਤ ਨਿਯਮਾਂ ਵਿਚ ਤਬਦੀਲੀਆਂ ਨਾਲ ਸੰਬੰਧਤ ਸੀ। ਇਸ ਵਿਚ ਇਸ ਬਾਰੇ ਵੀ ਗੱਲ ਕੀਤੀ ਗਈ ਸੀ ਕਿ ਕਿਵੇਂ ਸਰਕਾਰ, ਵਿੱਤ ਮੰਤਰਾਲਾ ਅਤੇ ਵਣਜ ਮੰਤਰਾਲਾ 500 ਕਰੋੜ ਰੁਪਏ ਤੋਂ ਵੱਧ ਦੀ ਕਸਟਮ ਡਿਊਟੀ ਵਾਪਸ ਦੇਣ ਲਈ ਅਰਜ਼ੀ 'ਤੇ ਕਾਰਵਾਈ ਕਰ ਰਹੇ ਸਨ, ਇਹ ਜਾਂਚ ਕੀਤੇ ਬਿਨਾਂ ਕਿ ਡਿਊਟੀ ਦਾ ਭੁਗਤਾਨ ਕੀਤਾ ਗਿਆ ਹੈ ਜਾਂ ਨਹੀਂ, ਮਾਮਲਾ ਸੰਸਦ ਤੱਕ ਪਹੁੰਚ ਗਿਆ।

? ਤੁਸੀਂ ਇਸ ਤੋਂ ਥੋੜ੍ਹੀ ਦੇਰ ਬਾਅਦ ਈ ਪੀ ਡਬਲਯੂ ਤੋਂ ਅਸਤੀਫ਼ਾ ਦੇ ਦਿੱਤਾ ਸੀ।

—ਜਿਵੇਂ ਕਿ ਤੁਸੀਂ ਜਾਣਦੇ ਹੋ, ਮੈਂ ਜੁਲਾਈ 2017 ਵਿਚ ਅਸਤੀਫ਼ਾ ਦੇ ਦਿੱਤਾ ਸੀ ਜਦੋਂ ਈ ਪੀ ਡਬਲਯੂ ਦੇ ਟਰੱਸਟੀ ਬੋਰਡ ਨੇ ਕਿਹਾ ਕਿ ਮੈਨੂੰ ਆਪਣੇ ਨਾਂਅ 'ਤੇ ਲੇਖ ਨਹੀਂ ਲਿਖਣੇ ਚਾਹੀਦੇ, ਕਿਉਂਕਿ ਮੇਰੇ ਤੋਂ ਪਹਿਲਿਆਂ ਨੇ ਇਹੀ ਕੀਤਾ ਸੀ। ਮੈਨੂੰ ਦੱਸਿਆ ਗਿਆ ਕਿ ਉਹ ਮੇਰੇ ਨਾਲ ਇਕ ਸਹਿ-ਸੰਪਾਦਕ ਲਗਾਉਣ ਬਾਰੇ ਸੋਚ ਰਹੇ ਹਨ ਕਿ ਮੈਂ ਇਕ ਵੱਕਾਰੀ ਪ੍ਰਕਾਸ਼ਨ ਚਰਿੱਤਰ ਨੂੰ ਤਬਾਹ ਕਰ ਦਿੱਤਾ ਹੈ, ਜੋ ਇਕ ਸੰਸਥਾ ਵਾਂਗ ਹੈ। ਮੈਨੂੰ ਦੱਸਿਆ ਗਿਆ ਕਿ ਮੈਂ ਪ੍ਰਕਾਸ਼ਕ, ਪ੍ਰਿੰਟਰ, ਲੇਖਕ ਅਤੇ ਲੇਖ ਦੇ ਸੰਪਾਦਕ ਨੂੰ ਭੇਜੇ ਗਏ ਕਾਨੂੰਨੀ ਨੋਟਿਸ ਦਾ ਜਵਾਬ ਦੇਣ ਲਈ ਇਕ ਵਕੀਲ ਦੀਆਂ ਬਿਨਾਂ ਫ਼ੀਸ ਸੇਵਾਵਾਂ ਲੈ ਕੇ ਇਕ ਗੰਭੀਰ ਅਣਉਚਿਤ ਕੰਮ ਕੀਤਾ ਹੈ ਅਤੇ ਆਖ਼ਿਰਕਾਰ ਮੈਨੂੰ ਵੈੱਬਸਾਈਟ ਤੋਂ ਲੇਖ ਨੂੰ ਹਟਾ ਦੇਣ ਅਤੇ ਲੇਖ ਨੂੰ ਹਟਾਏ ਜਾਣ ਤੱਕ ਕਮਰੇ ਤੋਂ ਬਾਹਰ ਨਾ ਜਾਣ ਲਈ ਕਿਹਾ ਗਿਆ। ਮੈਂ ਆਪਣੇ ਇਕ ਸਾਥੀ ਨੂੰ ਬੁਲਾਇਆ, ਲੇਖ ਹਟਾ ਦਿੱਤਾ, ਕਾਗਜ਼ ਲਿਆ ਅਤੇ ਆਪਣਾ ਅਸਤੀਫ਼ਾ ਲਿਖ ਦਿੱਤਾ।

? ਪਰ ਕੀ ਤੁਸੀਂ ਅਡਾਨੀ ਸਮੂਹ 'ਤੇ ਲਿਖਣਾ ਜਾਰੀ ਰੱਖਿਆ।

—ਈ ਪੀ ਡਬਲਯੂ ਵੱਲੋਂ ਹਟਾਇਆ ਗਿਆ ਲੇਖ 'ਦੀ ਵਾਇਰ' (ਨਿਊਜ਼ ਪੋਰਟਲ) ਵੱਲੋਂ ਪ੍ਰਕਾਸ਼ਤ ਕੀਤਾ ਗਿਆ। ਪ੍ਰੋਫ਼ੈਸਰ ਅਮਰਤਿਆ ਸੇਨ ਅਤੇ ਉੱਘੇ ਵਿਦਵਾਨ ਨੋਮ ਚੌਮਸਕੀ ਸਮੇਤ ਕਈ ਲੋਕ ਮੇਰੀ ਹਮਾਇਤ 'ਚ ਅੱਗੇ ਆਏ। ਇਸ ਤੋਂ ਬਾਅਦ ਅਡਾਨੀ ਗਰੁੱਪ ਉੱਪਰ ਮੇਰੇ ਲੇਖ ਵੱਡੇ ਪੱਧਰ 'ਤੇ ਹੋਰ ਪ੍ਰਕਾਸਨਾਵਾਂ, ਖ਼ਾਸ ਤੌਰ 'ਤੇ ਨਿਊਜ਼ ਕਲਿੱਕ ਵਿਚ ਛਪੇ। ਮਈ 2018 ਵਿਚ ਮੈਂ ਨਿਊਜ਼ ਕਲਿੱਕ ਦਾ ਸਲਾਹਕਾਰ ਬਣਿਆ।

? ਕੀ ਤੁਹਾਡੇ ਵਿਰੁੱਧ ਕੋਈ ਆਪਣਾ ਮੂੰਹ ਬੰਦ ਰੱਖਣ ਦਾ ਅਦਾਲਤੀ ਹੁਕਮ ਨਹੀਂ ਹੈ।

—ਮੈਂ ਭਾਰਤ ਦਾ ਇਕਲੌਤਾ ਨਾਗਰਿਕ ਹਾਂ, ਜਿਸ ਦੇ ਖ਼ਿਲਾਫ਼ ਗੌਤਮ ਅਡਾਨੀ ਦੀ ਅਗਵਾਈ ਵਾਲੀਆਂ ਕੰਪਨੀਆਂ ਦੀ ਨੁਮਾਇੰਦਗੀ ਕਰਨ ਵਾਲੇ ਵਕੀਲਾਂ ਨੇ ਮਾਣਹਾਨੀ ਦੇ ਛੇ ਕੇਸ ਕੀਤੇ ਹੋਏ ਹਨ, ਜੋ ਅਜੇ ਵੀ ਅਦਾਲਤਾਂ 'ਚ ਸੁਣਵਾਈ ਅਧੀਨ ਹਨ।

ਦੋ ਕੇਸ ਗੁਜਰਾਤ ਦੇ ਮੁੰਦਰਾ ਵਿਖੇ ਪਹਿਲੇ ਦਰਜੇ ਦੇ ਨਿਆਂਇਕ ਮੈਜਿਸਟਰੇਟ ਦੇ ਸਾਹਮਣੇ, ਦੋ ਅਹਿਮਦਾਬਾਦ, ਗੁਜਰਾਤ ਦੀਆਂ ਅਦਾਲਤਾਂ ਵਿਚ, ਇਕ ਰਾਜਸਥਾਨ ਦੇ ਬਾਰਨ ਜ਼ਿਲ੍ਹੇ ਵਿਚ ਅਤੇ ਇਕ ਦਿੱਲੀ ਵਿਚ ਦਾਇਰ ਹਨ।

ਸਤੰਬਰ 2020 'ਚ ਅਹਿਮਦਾਬਾਦ ਦੀਆਂ ਅਦਾਲਤਾਂ ਨੇ ਮੇਰੇ, ਮੇਰੇ ਸਹਿ-ਲੇਖਕ ਅਬੀਰ ਦਾਸਗੁਪਤਾ ਅਤੇ ਪ੍ਰਬੀਰ ਪੁਰਕਾਯਸਥ ਦੀ ਅਗਵਾਈ ਵਾਲੇ ਨਿਊਜ਼ ਕਲਿਕ ਵਿਰੁੱਧ ਮੂੰਹ ਨਾ ਖੋਹਲਣ ਦਾ ਹੁਕਮ ਜਾਰੀ ਕੀਤਾ ਕਿ ਅਸੀਂ ਐਸੀ ਕੋਈ ਗੱਲ ਬੋਲ, ਕਹਿ ਜਾਂ ਲਿਖ ਨਹੀਂ ਸਕਦੇ, ਜੋ ਗੌਤਮ ਅਡਾਨੀ ਅਤੇ ਉਸ ਦੇ ਸਮੂਹ ਦੇ ਹਿੱਤਾਂ ਦੇ ਵਿਰੁੱਧ ਜਾਂਦੀ ਹੋਵੇ।

ਇਕ ਲੇਖ ਐਸਾ ਸੀ, ਜਿਸ ਨੂੰ ਮਾਣਹਾਨੀ ਤਾਂ ਮੰਨਿਆ ਗਿਆ, ਪਰ ਲੇਖ ਦੀ ਸਮਗਰੀ ਨੂੰ ਚੁਣੌਤੀ ਨਹੀਂ ਦਿੱਤੀ ਗਈ। ਸਿਰਲੇਖ ਨੂੰ ਮਾਣਹਾਨੀ ਮੰਨਿਆ ਗਿਆ ਸੀ। ਇਹ ਤਿੰਨ ਲੇਖਾਂ ਦੀ ਲੜੀ ਵਿੱਚੋਂ ਆਖ਼ਰੀ ਸੀ।

ਮੇਰੇ, ਮੇਰੇ ਸਾਥੀਆਂ ਅਤੇ ਨਿਊਜ਼ ਕਲਿੱਕ ਉੱਪਰ ਦੋਸ਼ ਇਹ ਸੀ ਕਿ ਅਸੀਂ ਅਵਾਮ ਦੀਆਂ ਨਜ਼ਰਾਂ 'ਚ ਨਿਆਂ ਪਾਲਿਕਾ ਦਾ ਮਾਣ ਘਟਾਇਆ ਹੈ। ਇਹ ਕੇਸ ਫ਼ਿਲਹਾਲ ਵਿਚਾਰ-ਅਧੀਨ ਹੈ ਅਤੇ ਮੈਂ ਇਸ ਬਾਰੇ ਹੋਰ ਕੁਝ ਨਹੀਂ ਕਹਿ ਸਕਦਾ।

ਹਾਲ ਹੀ ਵਿਚ ਰਾਜਸਥਾਨ ਵਾਲੇ ਕੇਸ ਵਿਚ ਸਾਡੇ ਵਿੱਚੋਂ ਕਈ ਜਣੇ ਬਾਰਨ ਜ਼ਿਲ੍ਹੇ ਦੇ ਗ੍ਰਾਮੀਣ ਨਿਆਲਿਆ ਵਿਚ ਮੈਜਿਸਟਰੇਟ ਦੇ ਸਾਹਮਣੇ ਜ਼ਮਾਨਤ ਬਾਂਡ ਅਤੇ ਜ਼ਮਾਨਤੀ ਬਾਂਡਾਂ ਲਈ ਜ਼ਮਾਨਤਾਂ ਦੇਣ ਲਈ ਪੇਸ਼ ਹੋਏ।

ਜੋ ਲੇਖ ਈ ਪੀ ਡਬਲਯੂ ਵੱਲੋਂ ਹਟਾ ਦਿੱਤਾ ਗਿਆ ਸੀ, ਨੂੰ ਅਡਾਨੀ ਸਮੂਹ ਵੱਲੋਂ ਇਹ ਕਹਿੰਦੇ ਹੋਏ ਚੁਣੌਤੀ ਦਿੱਤੀ ਗਈ ਕਿ ਇਹ ਮਾਣਹਾਨੀ ਕਰਨ ਵਾਲਾ ਸੀ। 'ਦੀ ਵਾਇਰ' ਨੂੰ ਚਲਾਉਣ ਵਾਲੀਆਂ ਸੰਸਥਾਵਾਂ, ਮੇਰੇ ਸਹਿ-ਲੇਖਕਾਂ ਅਤੇ ਮੇਰੇ ਵਿਰੁੱਧ ਕੇਸ ਦਰਜ ਕਰਾਏ ਗਏ। ਇਹ ਭੁਜ ਦੀ ਸਿਵਲ ਅਦਾਲਤ ਅਤੇ ਮੁੰਦਰਾ ਦੀ ਇਕ ਫ਼ੌਜਦਾਰੀ ਅਦਾਲਤ ਵਿਚ ਦਰਜ ਕਰਾਏ ਗਏ ਸਨ, ਪਰ ਹੁਣ ਦੋਵੇਂ ਮੁੰਦਰਾ ਵਿਚ ਹਨ।

? ਕੀ ਤੁਹਾਨੂੰ ਗ੍ਰਿਫ਼ਤਾਰ ਕਰਨ ਦੀ ਕੋਈ ਕੋਸ਼ਿਸ਼ ਕੀਤੀ ਗਈ ਸੀ, ਜਿਵੇਂ ਕਿ ਹਿੰਡਨਬਰਗ ਰਿਪੋਰਟ ਵਿਚ ਜ਼ਿਕਰ ਕੀਤਾ ਗਿਆ ਹੈ ? ਕੀ ਤੁਹਾਨੂੰ ਜੇਲ੍ਹ ਵਿਚ ਬੰਦ ਕੀਤਾ ਗਿਆ ਸੀ।

—ਜਨਵਰੀ 2021 ਵਿਚ, ਜਦੋਂ ਮਹਾਮਾਰੀ ਚੱਲ ਰਹੀ ਸੀ, ਮੁੰਦਰਾ ਵਿਚ ਇਕ ਪਹਿਲੇ ਦਰਜੇ ਦੇ ਨਿਆਂਇਕ ਮੈਜਿਸਟਰੇਟ ਦੁਆਰਾ ਮੇਰੇ ਵਿਰੁੱਧ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਕੀਤਾ ਗਿਆ ਸੀ। ਮੇਰੇ ਵਕੀਲ ਨੇ ਦਲੀਲ ਦਿੱਤੀ ਕਿ ਇਹ ਗ਼ੈਰ-ਜ਼ਮਾਨਤੀ ਵਾਰੰਟ ਕਾਨੂੰਨ ਦੇ ਹਿਸਾਬ ਨਾਲ ਮਾੜਾ ਹੈ। ਉਨ੍ਹਾ ਸੁਪਰੀਮ ਕੋਰਟ ਦੇ ਫ਼ੈਸਲਿਆਂ ਦਾ ਹਵਾਲਾ ਦਿੱਤਾ, ਜਿੱਥੇ ਇਹ ਲਿਖਿਆ ਗਿਆ ਸੀ ਕਿ ਜੇਕਰ ਕੋਈ ਵਿਅਕਤੀ ਅਦਾਲਤ ਵਿਚ ਪੇਸ਼ ਹੋਣ ਵਿਚ ਅਸਫ਼ਲ ਰਹਿੰਦਾ ਹੈ ਤਾਂ ਤੁਸੀਂ ਜ਼ਮਾਨਤੀ ਵਾਰੰਟ ਜਾਰੀ ਕਰ ਸਕਦੇ ਹੋ। ਜੇਕਰ ਉਹ ਵਿਅਕਤੀ ਫਿਰ ਵੀ ਪੇਸ਼ ਨਹੀਂ ਹੁੰਦਾ ਹੈ ਤਾਂ ਅਦਾਲਤ ਗ਼ੈਰ-ਜ਼ਮਾਨਤੀ ਵਾਰੰਟ ਜਾਰੀ ਕਰ ਸਕਦੀ ਹੈ। ਇਹ ਮਾਮਲਾ ਈ ਪੀ ਡਬਲਯੂ ਤੋਂ ਹਟਾਏ ਗਏ ਲੇਖ ਨਾਲ ਸੰਬੰਧਤ ਹੈ, ਜਿਸ ਨੂੰ ਬਾਅਦ ਵਿਚ ਦੀ ਵਾਇਰ ਦੁਆਰਾ ਪ੍ਰਕਾਸ਼ਤ ਕੀਤਾ ਗਿਆ।

ਮਈ 2019 ਵਿਚ, ਲੋਕ ਸਭਾ ਚੋਣਾਂ ਦੇ ਨਤੀਜੇ ਐਲਾਨੇ ਜਾਣ ਤੋਂ ਪਹਿਲਾਂ ਅਡਾਨੀ ਗਰੁੱਪ ਨੇ ਹੋਰ ਸਾਰਿਆਂ- ਦ ਵਾਇਰ, ਮੇਰੇ ਤਿੰਨ ਸਹਿ-ਲੇਖਕਾਂ ਦੇ ਵਿਰੁੱਧ ਕੇਸ ਵਾਪਸ ਲੈ ਲਏ, ਪਰ ਮੈਂ ਇਕੱਲਾ ਵਿਅਕਤੀ ਹਾਂ, ਜਿਸ ਦੇ ਖ਼ਿਲਾਫ਼ ਕੇਸ ਜਾਰੀ ਹੈ। ਤੁਹਾਡੇ ਸਵਾਲ ਦਾ ਜਵਾਬ ਇਹ ਹੈ ਕਿ ਮੈਨੂੰ ਕਦੇ ਵੀ ਗ੍ਰਿਫ਼ਤਾਰ ਨਹੀਂ ਕੀਤਾ ਗਿਆ।

? ਕੀ ਤੁਸੀਂ ਹਿੰਡਨਬਰਗ ਖੋਜ ਨਾਲ ਸਹਿਯੋਗ ਕੀਤਾ ਸੀ।

—ਰਿਪੋਰਟ ਆਉਣ ਤੋਂ ਪਹਿਲਾਂ ਮੈਂ ਇਸ ਬਾਰੇ ਕਦੇ ਨਹੀਂ ਸੁਣਿਆ। ਹਾਲਾਂਕਿ, ਇਸ ਰਿਪੋਰਟ ਨੂੰ, ਜਿਸ ਦੇ 32,000 ਸ਼ਬਦ ਹਨ, ਜੇਕਰ ਕਿਤਾਬ ਦੇ ਰੂਪ ਵਿਚ ਛਾਪਿਆ ਜਾਵੇ, ਤਾਂ ਇਹ 150 ਪੰਨਿਆਂ ਦੀ ਕਿਤਾਬ ਬਣ ਸਕਦੀ ਹੈ। ਇਸ ਵਿਚ ਮੇਰੇ ਅਤੇ ਅਬੀਰ ਦਾਸਗੁਪਤਾ ਵਰਗੇ ਸੁਤੰਤਰ ਪੱਤਰਕਾਰਾਂ ਦੁਆਰਾ ਕੀਤੇ ਗਏ ਕੰਮ ਦੇ ਕਈ ਹਵਾਲੇ ਦਿੱਤੇ ਗਏ ਹਨ, ਜਿਨ੍ਹਾਂ ਨਾਲ ਮੈਂ ਮਿਲ ਕੇ ਕੰਮ ਕੀਤਾ, ਪਰ ਉਨ੍ਹਾਂ ਜ਼ਰੂਰ ਹੀ ਜਨਤਕ ਖੇਤਰ ਵਿਚ ਮੌਜੂਦ ਸਮਗਰੀ ਤੱਕ ਪਹੁੰਚ ਕੀਤੀ ਹੋਵੇਗੀ।

**? ਕੀ ਤੁਸੀਂ ਅੱਜ ਹਿੰਡਨਬਰਗ ਰਿਸਰਚ ਰਿਪੋਰਟ ਦੇ ਸਾਹਮਣੇ ਆਉਣ ਤ

5-March-Sunday.qxd 3/4/2023 10:07 PM Page 5

'ਆਜ਼ਾਦੀ ਦਾ ਅੰਮ੍ਰਿਤ ਮਹਾ-ਉਤਸਵ' ਨਾਲ ਭਾਰਤ ਦੇ ਆਮ ਲੋਕਾਂ ਦੇ ਪੱਲੇ ਕੀ ਪਊਗਾ!

ਦ੍ਰਿਸ਼ਟੀਕੋਣ

ਜਤਿੰਦਰ ਪਨੂੰ

ਆਪਣੀ ਆਜ਼ਾਦੀ ਦੀ ਪੌਣੀ ਸਦੀ ਮਨਾ ਚੁੱਕਾ ਭਾਰਤ ਇਸ ਵਕਤ 'ਆਜ਼ਾਦੀ ਦਾ ਮਹਾ ਅੰਮ੍ਰਿਤ ਮਹਾ-ਉਤਸਵ' ਮਨਾ ਰਿਹਾ ਹੈ। ਮੌਕੇ ਦੀ ਸਰਕਾਰ ਜੋ ਵੀ ਨਾਂਅ ਇਸ ਕਿਸਮ ਦੀ ਕਿਸੇ ਮੁਹਿੰਮ ਨੂੰ ਦੇ ਦੇਵੇ, ਉਹ ਪਹਿਲਾਂ ਮੀਡੀਆ ਲਈ ਜਾਰੀ ਕੀਤਾ ਜਾਂਦਾ ਹੈ, ਫਿਰ ਹੌਲੀ-ਹੌਲੀ ਆਮ ਲੋਕਾਂ ਦੇ ਸਿਰ ਵਿੱਚ ਵੜ ਜਾਂਦਾ ਹੈ। ਭਾਰਤ ਦੀ ਇੱਕ ਸੌ ਚਾਲੀ ਕਰੋੜ ਦੇ ਤੋਂ ਵੱਧ ਅਬਾਦੀ ਦੇ ਵੱਡੇ ਹਿੱਸੇ ਨੂੰ ਇਸ ਨਾਅਰੇ 'ਆਜ਼ਾਦੀ ਕਾ ਅੰਮ੍ਰਿਤ ਮਹਾ-ਉਤਸਵ' ਦਾ ਅਰਥ ਵੀ ਪਤਾ ਨਹੀਂ ਅਤੇ ਉਸ ਨੂੰ ਦੱਸਣ ਵਾਲਾ ਵੀ ਕੋਈ ਨਹੀਂ ਕਿ ਇਹ ਨਾਂਅ ਰੱਖਣ ਦਾ ਕਾਰਨ ਕੀ ਹੈ? ਦੱਸਣ ਦੀ ਲੋੜ ਵੀ ਕੀ ਹੈ, ਉਹ ਭਾਰਤ ਦੇ ਨਾਗਰਿਕ ਸਿਰਫ ਵੋਟਾਂ ਦੇਣ ਜੋਗੇ ਹਨ, ਉਨ੍ਹਾਂ ਨੂੰ ਅਰਥਾਂ ਨਾਲ ਕੋਈ ਮਤਲਬ ਹੀ ਨਹੀਂ ਹੁੰਦਾ ਅਤੇ ਜਿਨ੍ਹਾਂ ਨੂੰ ਅਰਥ ਅਤੇ ਅਨਰਥ ਦਾ ਪਤਾ ਹੁੰਦਾ ਹੈ, ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਇਸ ਦੀ ਚਰਚਾ ਕਰਨ ਵਿੱਚ ਵੀ ਕੋਈ ਖਤਰਾ ਦਿਸਣ ਲੱਗ ਜਾਵੇ ਤਾਂ ਫਿਰ ਚੁੱਪ ਰਹਿਣਾ ਤੇ ਵਗਦੇ ਵਹਿਣ ਨਾਲ ਵਗੀ ਜਾਣਾ ਠੀਕ ਮੰਨਦੇ ਹਨ। ਭਾਰਤ ਦੇ ਮੌਜੂਦਾ ਹਾਕਮ ਇਸ ਸਾਲ ਆਪਣੇ ਲੋਕਾਂ ਨੂੰ ਇਹ ਦੱਸਣ ਲਈ ਜ਼ੋਰ ਲਾ ਰਹੇ ਹਨ ਕਿ ਦੇਸ਼ ਦੀ ਅਸਲ ਤਰੱਕੀ ਮੌਜੂਦਾ ਰਾਜ ਵਿੱਚ ਹੋਣੀ ਸ਼ੁਰੂ ਹੋਈ ਹੈ ਤੇ ਅਸਲੀ ਆਜ਼ਾਦੀ ਵੀ ਅਜੋਕੇ ਹਾਕਮਾਂ ਦੇ ਹੱਥ ਦੇਸ਼ ਦੀ ਕਮਾਨ ਆਏ ਤੋਂ ਆਈ ਹੈ। ਉਨ੍ਹਾਂ ਨੂੰ ਆਜ਼ਾਦੀ ਮਿਲ ਜਾਣ ਦੇ ਬਾਅਦ ਵਾਲੇ ਪੰਝੱਤਰ ਸਾਲਾਂ ਵਿੱਚ ਪੁੱਟੀ ਗਈ ਹਰ ਪੁਲਾਂਘ ਆਪਣੇ ਪੁੱਟੇ ਹਰ ਕਦਮ ਤੋਂ ਛੋਟੀ ਲਗਦੀ ਹੈ ਤੇ ਆਪਣੇ ਹਰ ਸ਼ਬਦ ਨੂੰ ਉਹ ਕਿਸੇ 'ਈਸ਼ਵਰੀ ਸੰਦੇਸ਼' ਵਾਂਗ ਪੇਸ਼ ਕਰਨ ਵਿੱਚ ਅੰਤਾਂ ਦੀ ਖੁਸ਼ੀ ਮਹਿਸੂਸ ਕਰਦੇ ਹਨ।

ਪਿਛਲੇ ਸਾਲ ਭਾਰਤੀ ਲੋਕਤੰਤਰ ਦੇ ਇੱਕ ਚੁਣੇ ਹੋਏ ਆਗੂ ਨੇ ਕਿਸੇ ਸਮਾਗਮ ਵਿੱਚ ਬੋਲਦਿਆਂ ਆਪਣੇ ਦੇਸ਼ ਨੂੰ 'ਲੋਕਤੰਤਰ ਦੀ ਮਾਂ' (ਮਦਰ ਆਫ ਡੈਮੋਕਰੇਸੀ) ਕਹਿ ਦਿੱਤਾ ਅਤੇ ਉਸ ਦੇ ਬਾਅਦ ਉਸ ਦੀ ਪਾਰਟੀ ਦੇ ਢੰਡੋਰਚੀਆਂ ਨੇ ਇਸ ਨੂੰ ਸੱਚ ਸਾਬਤ ਕਰਦੇ ਲੇਖ ਲਿਖਣ ਦੀ ਮੁਹਿੰਮ ਛੇੜ ਲਈ। ਵੋਟਾਂ ਪਾਉਣ ਵਾਲਿਆਂ ਦੀ ਗਿਣਤੀ ਵੱਡੀ ਹੋਣ ਕਾਰਨ ਕੋਈ ਦੇਸ਼ 'ਲੋਕਤੰਤਰ ਦੀ ਮਾਂ' ਨਹੀਂ ਬਣ ਸਕਦਾ, ਇਸ ਦਾ ਅਰਥ ਲੋਕਤੰਤਰੀ ਰਿਵਾਇਤ ਦਾ ਮੁੱਢ ਬੰਨ੍ਹਣ ਵਾਲਾ ਦੇਸ਼ ਕਹਿਣਾ ਚਾਹੀਦਾ ਹੈ। ਕੁਝ ਲੋਕ ਕਹਿੰਦੇ ਹਨ ਕਿ ਸਦੀਆਂ ਪਹਿਲਾਂ ਪ੍ਰਾਚੀਨ ਭਾਰਤ ਵਿੱਚ ਵਿਕਸਤ ਹੋਈ ਸੱਭਿਅਤਾ ਵੇਲੇ ਵੀ ਲੋਕ ਆਪਣਾ ਸਮਾਜ ਲੋਕਤੰਤਰੀ ਢੰਗ ਨਾਲ ਚਲਾਉਂਦੇ ਰਹੇ ਸਨ, ਇਸ ਕਰ ਕੇ ਇਹ 'ਲੋਕਤੰਤਰ ਦੀ ਮਾਂ' ਕਹਾਉਣ ਦਾ ਹੱਕਦਾਰ ਹੈ। ਦੂਸਰੇ ਇਹ ਕਹਿੰਦੇ ਹਨ ਕਿ ਸੰਸਾਰ ਵਿੱਚ ਸਭ ਤੋਂ ਪੁਰਾਣੀ ਸੱਭਿਅਤਾ ਹੋਣ ਵਾਲਾ ਰੁਤਬਾ ਕਿਸ ਦੇਸ਼ ਦਾ ਬਣਦਾ ਹੈ, ਇਸ ਦਾ ਪੱਕਾ ਨਿਬੇੜਾ ਅਜੇ ਵੀ ਨਹੀਂ ਹੋ ਸਕਿਆ ਅਤੇ ਇਹ ਵੀ ਗੱਲ ਨੋਟ ਕਰਨ ਵਾਲੀ ਹੈ ਕਿ ਸਮਾਜੀ ਸੂਝ ਦੇ ਪਹਿਲੇ ਪੜਾਵਾਂ ਵਿੱਚ ਲਗਭਗ ਹਰ ਪਾਸੇ ਵਿਕਸਤ ਹੋਈ ਸੱਭਿਅਤਾ ਲੋਕਤੰਤਰੀ ਲੀਹਾਂ ਉੱਤੇ ਚੱਲਣ ਵਾਲੀ ਹੁੰਦੀ ਸੀ। ਪੁਰਾਣੇ ਲੋਕਤੰਤਰੀ ਸਮਾਜਾਂ ਨੂੰ ਢਾਹ ਉਸ ਵਕਤ ਲੱਗੀ ਸੀ, ਜਦੋਂ ਮਨੁੱਖ ਕੁਝ ਲੋੜਾਂ ਤੋਂ ਵਾਧੂ ਕਮਾਉਣ ਲੱਗ ਪਿਆ ਸੀ ਤੇ ਉਸ ਦੀ ਵਾਧੂ ਕਮਾਈ ਉੱਤੇ ਐਸ਼ ਕਰਨ ਵਾਲੇ ਨੀਤ ਦੇ ਮਾੜੇ ਮਨੁੱਖਾਂ ਨੇ ਰਾਜ ਤੇ ਚੌਧਰ ਦੀ ਨੀਂਹ ਉੱਤੇ ਆਪਣੇ ਮਹਿਲ ਉਸਾਰਨੇ ਸ਼ੁਰੂ ਕਰ ਦਿੱਤੇ ਸਨ। ਕੁਝ ਖੋਟੀ ਨੀਤ ਵਾਲੇ ਬੰਦਿਆਂ ਦੀ ਓਦੋਂ ਸ਼ੁਰੂ ਕੀਤੀ ਇਹ ਖੇਡ ਅੱਜ ਤੱਕ ਹਰ ਸਮਾਜ ਵਿੱਚ ਚਲਦੀ ਪਈ ਹੈ ਅਤੇ ਨਤੀਜੇ ਵਜੋਂ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਆਮ ਮਨੁੱਖ ਦੇ ਮੋਢਿਆਂ ਉੱਪਰ ਕਿਸੇ ਦੂਸਰੇ ਮਨੁੱਖ ਦਾ ਜੂਲ਼ਾ ਟਿਕਿਆ ਰੱਖਣ ਦੇ ਚੁਸਤ ਪ੍ਰਸ਼ਾਸਕੀ ਪ੍ਰਬੰਧ ਨੂੰ 'ਲੋਕਤੰਤਰ' ਕਿਹਾ ਜਾ ਰਿਹਾ ਹੈ।

ਜਿੱਥੋਂ ਤੱਕ 'ਲੋਕਤੰਤਰ ਦੀ ਮਾਂ' ਕਹੇ ਜਾ ਰਹੇ ਭਾਰਤ ਦਾ ਸੰਬੰਧ ਹੈ, ਇਸ ਨੇ ਤਰੱਕੀ ਵੀ ਬੜੀ ਕੀਤੀ ਤੇ ਇਸ ਨੇ ਕੁਰੱਜ ਵੀ ਬਹੁਤ ਕੀਤੇ ਹਨ। ਤਰੱਕੀ ਉਨ੍ਹਾਂ ਸੁਹਿਰਦ ਦਿਮਾਗਾਂ ਕਾਰਨ ਹੋਈ ਹੈ, ਜਿਹੜੇ ਸਮਾਜ ਦਾ ਭਲਾ ਕਰਨ ਦੇ ਲਈ ਰਾਤ-ਦਿਨ ਲੱਗੇ ਰਹਿੰਦੇ ਹਨ ਤੇ ਕਦੇ ਇਹ ਵੀ ਨਹੀਂ ਵੇਖਦੇ ਕਿ ਉਨ੍ਹਾਂ ਦੇ ਕੀਤੇ ਦੀ ਕੋਈ ਕਦਰ ਸਮਾਜ ਨੇ ਪਾਈ ਹੈ ਜਾਂ ਨਹੀਂ। ਉਨ੍ਹਾਂ ਦੇ ਕੀਤੇ ਕੰਮਾਂ ਦਾ ਸਿਹਰਾ ਦੇਸ਼ ਦੇ ਉਹ ਰਾਜਸੀ ਨੇਤਾ ਲੈ ਜਾਂਦੇ ਹਨ, ਜਿਹੜੇ ਖੁਦ ਇੱਲ ਦਾ ਨਾਂਅ ਕੋਕੇ ਵੀ ਨਹੀਂ ਜਾਣਦੇ ਹੁੰਦੇ ਅਤੇ ਜ਼ੋਰ ਨਾਲ ਇਹ ਕਿਹਾ ਜਾਣ ਲੱਗਦਾ ਹੈ ਕਿ ਫਲਾਣੇ ਨੇਤਾ ਦੀ ਅਗਵਾਈ ਹੇਠ ਭਾਰਤ ਨੇ ਤਰੱਕੀ ਦੀ ਸਿਖਰ ਕਰ ਦਿੱਤੀ ਹੈ। ਸੰਸਾਰ ਦੇ ਚੋਣਵੇਂ ਦੇਸ਼ਾਂ ਵਾਂਗ ਭਾਰਤ ਜਦੋਂ ਐਟਮੀ ਸ਼ਕਤੀ ਬਣ ਗਿਆ ਤਾਂ ਇਸ ਦਾ ਸਿਹਰਾ ਓਦੋਂ ਦੀ ਆਗੂ ਇੰਦਰਾ ਗਾਂਧੀ ਨੂੰ ਅਗਲੇ ਚੌਵੀ ਸਾਲ ਮਿਲਦਾ ਰਿਹਾ ਸੀ ਅਤੇ ਅਟਲ ਬਿਹਾਰੀ ਵਾਜਪਾਈ ਦੇ ਰਾਜ ਵੇਲੇ ਭਾਰਤ ਨੇ ਜਦੋਂ ਪੰਜ ਐਟਮੀ ਧਮਾਕੇ ਇੱਕੋ ਵਾਰ ਕਰ ਦਿੱਤੇ ਤਾਂ ਇੰਦਰਾ ਗਾਂਧੀ ਦਾ ਨਾਂਅ ਭੁਲਾ ਕੇ ਭਾਰਤ ਦੀ ਤਰੱਕੀ ਦਾ ਸਾਰਾ ਸਿਹਰਾ ਵਾਜਪਾਈ ਨੂੰ ਦਿੱਤਾ ਜਾਣ ਲੱਗ ਪਿਆ ਸੀ। ਜਿਨ੍ਹਾਂ ਵਿਗਿਆਨੀਆਂ ਨੇ ਇਸ ਦੇ ਲਈ ਦਿਨ-ਰਾਤ ਵੇਖੇ ਬਿਨਾਂ ਕੰਮ ਕੀਤਾ ਸੀ, ਉਨ੍ਹਾਂ ਅਕਲਮੰਦ ਇਨਸਾਨਾਂ ਦਾ ਨਾਂਅ ਭਾਰਤ ਦੇ ਅੱਧਾ ਫੀਸਦੀ ਲੋਕਾਂ ਨੂੰ ਵੀ ਪਤਾ ਨਹੀਂ।

ਜਿਸ ਤਰ੍ਹਾਂ ਐਟਮੀ ਸ਼ਕਤੀ ਦੇ ਮਾਮਲੇ ਵਿੱਚ ਇੰਦਰਾ ਗਾਂਧੀ ਅਤੇ ਅਟਲ ਬਿਹਾਰੀ ਵਾਜਪਾਈ ਵਿਚਾਲੇ ਚੌਧਰ ਦੇ ਝੰਡੇ ਦਾ ਵਟਾਂਦਰਾ ਹੁੰਦਾ ਵੇਖਿਆ ਸੀ, ਉਸ ਤਰ੍ਹਾਂ ਸਮਾਜ ਦੇ ਸਤਿਕਾਰ ਦੇ ਪ੍ਰਤੀਕ ਆਗੂਆਂ ਦਾ ਵੀ ਤਬਾਦਲਾ ਹੋਣ ਦੀ ਮਿਸਾਲ ਭਾਰਤੀ ਲੋਕਾਂ ਨੇ ਕਈ ਵਾਰੀ ਵੇਖ ਲਈ ਅਤੇ ਅੱਜ ਵੀ ਵੇਖੀ ਜਾ ਰਹੇ ਹਨ। ਇੱਕ ਸਮੇਂ ਭਾਰਤ ਦੀ ਆਜ਼ਾਦੀ ਦੇ ਅਸਲ ਘਲਾਟੀਏ ਵਜੋਂ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਨੇਤਾਜੀ ਸੁਭਾਸ਼ ਚੰਦਰ ਬੋਸ ਆਦਿ ਮੰਨੇ ਜਾਂਦੇ ਸਨ ਅਤੇ ਦੇਸ਼ ਨੂੰ ਆਜ਼ਾਦੀ ਮਿਲਣ ਦੇ ਬਾਅਦ ਉਹ ਸਾਰੇ ਪਿੱਛੇ ਛੱਡ ਕੇ 'ਸਾਬਰਮਤੀ ਕੇ ਬਾਪੂ ਤੂ ਨੇ ਕਰ ਦੀਆ ਕਮਾਲ, ਲੇ ਕਰ ਦੀ ਆਜ਼ਾਦੀ ਹਮ ਕੋ, ਬਿਨਾਂ ਖੜਗ ਔਰ ਢਾਲ' ਦਾ ਸੰਗੀਤ ਵੱਜਣ ਲੱਗ ਪਿਆ ਸੀ। ਜਿਨ੍ਹਾਂ ਲੋਕਾਂ ਨੇ ਮਹਾਤਮਾ ਗਾਂਧੀ ਨੂੰ 'ਬਾਪੂ' ਕਹਿ ਕੇ ਵਡਿਆਇਆ ਸੀ, ਉਹ ਵੀ 'ਬਾਪੂ' ਦੇ ਨਾਂਅ ਦੀ ਦੁਰਵਰਤੋਂ ਕਰੀ ਗਏ ਸਨ ਅਤੇ ਜਿਨ੍ਹਾਂ ਦੇ ਇੱਕ ਸਾਥੀ ਨੇ 'ਬਾਪੂ' ਕਹੇ ਜਾਂਦੇ ਉਸ ਆਗੂ ਦਾ ਆਜ਼ਾਦ ਭਾਰਤ ਵਿੱਚ ਕਤਲ ਕੀਤਾ ਸੀ, ਉਹ ਵੀ ਲੰਮਾਂ ਗੇੜਾ ਕੱਟਣ ਪਿੱਛੋਂ 'ਬਾਪੂ' ਦੇ ਬਰਖੁਰਦਾਰ ਬਣਨ ਤੁਰ ਪਏ। ਜਦੋਂ ਉਸ ਸੋਚਣੀ ਵਾਲਿਆਂ ਨੇ ਦੇਸ਼ ਵਿੱਚ ਧਾਂਕ ਜੰਮੀ ਮਹਿਸੂਸ ਕਰ ਲਈ ਤਾਂ ਉਨ੍ਹਾਂ ਨੇ ਓਸੇ 'ਬਾਪੂ' ਦੇ ਖਿਲਾਫ ਬੋਲਣ ਅਤੇ ਲਿਖਣ ਵਾਲਿਆਂ ਨੂੰ ਪਰਦੇ ਪਿੱਛੋਂ ਸਰਗਰਮ ਕਰ ਦਿੱਤਾ। ਨਤੀਜੇ ਵਜੋਂ ਆਜ਼ਾਦੀ ਦੇ ਪੰਝੱਤਰ ਸਾਲ ਪੂਰੇ ਹੋਣ ਵੇਲੇ ਭਾਰਤ ਵਿੱਚ ਉਹ ਵੀ ਕੁਝ ਹੁੰਦਾ ਦਿੱਸ ਰਿਹਾ ਹੈ, ਜਿਸ ਦਾ ਉਸ 'ਬਾਪੂ' ਨੇ ਆਪਣੀ ਜ਼ਿੰਦਗੀ ਵਿੱਚ ਸ਼ਬਦਾਂ ਅਤੇ ਵਿਹਾਰ ਰਾਹੀ ਲਗਾਤਾਰ ਵਿਰੋਧ ਕੀਤਾ ਸੀ ਅਤੇ ਕਰਨ ਲਈ ਵੀ ਕਿਹਾ ਸੀ।

ਰਾਜ ਚਲਾਉਣ ਲਈ 'ਸਾਮ ਦਾਮ ਦੰਡ ਭੇਦ' ਦਾ ਹਰ ਹਰਬਾ ਵਰਤੇ ਜਾਣ ਦੀਆਂ ਕਹਾਣੀਆਂ ਅਸੀਂ ਲੋਕਾਂ ਨੇ ਜਦੋਂ ਪੜ੍ਹੀਆਂ ਤਾਂ ਸੋਚਦੇ ਹੁੰਦੇ ਸਾਂ ਕਿ ਏਦਾਂ ਹੁੰਦਾ ਹੋਵੇਗਾ ਤਾਂ ਸਮਾਜ ਦਾ ਕੀ ਹਾਲ ਹੋਵੇਗਾ, ਅੱਜਕੱਲ੍ਹ ਅਸੀਂ ਉਹ ਸਾਰਾ ਕੁਝ ਹੁੰਦਾ ਆਪਣੀਆਂ ਅੱਖਾਂ ਨਾਲ ਵੇਖ ਰਹੇ ਹਾਂ। ਰਾਜਿਆਂ ਦੇ ਯੁੱਗ ਵਿੱਚ ਫੌਜਾਂ ਚਾੜ੍ਹ ਕੇ ਵਿਰੋਧੀ ਨੂੰ ਦਬਾਇਆ ਜਾਂਦਾ ਸੀ ਜਾਂ ਫੌਜਾਂ ਚਾੜ੍ਹਨ ਦੇ ਦਾਬੇ ਨਾਲ ਅਗਲੇ ਨੂੰ ਹਥਿਆਰ ਸੁੱਟਣ ਲਈ ਮਜਬੂਰ ਕੀਤਾ ਜਾਂਦਾ ਸੀ। ਅੱਜ ਦੇ ਯੁੱਗ ਵਿੱਚ ਭਾਰਤ ਦੀ ਰਾਜਨੀਤੀ ਇਸ ਹਾਲਤ ਵਿੱਚ ਪਹੁੰਚ ਗਈ ਹੈ ਕਿ ਰਾਜ-ਸ਼ਕਤੀ ਦੇ ਹਥਿਆਰ ਬਣ ਚੁੱਕੀਆਂ ਜਾਂਚ ਏਜੰਸੀਆਂ ਨੂੰ ਕਿਸੇ ਵੀ ਖੱਬੀ-ਖਾਨ ਦੇ ਪਿੱਛੇ ਲਾ ਕੇ ਉਸ ਬੰਦੇ ਨੂੰ ਮੌਜੂਦਾ ਲੋਕਤੰਤਰੀ ਰਾਜਿਆਂ ਅੱਗੇ ਝੁਕਣ ਲਈ ਮਜਬੂਰ ਕਰਨ ਦਾ ਕੰਮ ਕੀਤਾ ਜਾਣ ਲੱਗ ਪਿਆ ਹੈ। ਇਹ ਦੋਸ਼ ਕਾਂਗਰਸ ਪਾਰਟੀ ਦੇ ਰਾਜ ਸਮੇਂ ਉਨ੍ਹਾਂ ਉੱਤੇ ਵੀ ਲੱਗਦਾ ਸੀ ਅਤੇ ਹਕੀਕਤ ਵਿੱਚ ਉਹ ਇਸ ਤਰ੍ਹਾਂ ਕਰਦੇ ਵੀ ਸਨ, ਪਰ ਜਿਹੜੇ ਲੋਕ ਇਸ ਗੱਲ ਲਈ ਕਾਂਗਰਸ ਨੂੰ ਨਿੰਦਿਆ ਕਰਦੇ ਸਨ, ਜਦੋਂ ਉਨ੍ਹਾਂ ਕੋਲ ਇਸ ਦੇਸ਼ ਦੀ ਕਮਾਨ ਆਈ ਤਾਂ ਉਹ ਵੀ ਨਾ ਸਿਰਫ ਉਹੋ ਕੁਝ ਕਰਨ ਲੱਗ ਪਏ, ਸਗੋਂ ਉਹ ਅਸੂਲਾਂ ਨੂੰ ਤੋੜਨ ਦਾ ਕੰਮ ਨਿਯਮ-ਕਾਨੂੰਨ ਤੇ ਸੰਵਿਧਾਨ ਦੀ ਪ੍ਰਵਾਹ ਕੀਤੇ ਬਿਨਾਂ ਕਾਂਗਰਸ ਤੋਂ ਵੀ ਵੱਧ ਕਰਨ ਲੱਗ ਪਏ।

ਨਤੀਜਾ ਇਸ ਦਾ ਇਹ ਹੈ ਕਿ ਅੱਜ ਦਾ ਭਾਰਤ ਜਦੋਂ ਆਪਣੀ 'ਆਜ਼ਾਦੀ ਦਾ ਅੰਮ੍ਰਿਤ ਮਹਾ-ਉਤਸਵ' ਮਨਾਉਣ ਦਾ ਦਾਅਵਾ ਕਰਦਾ ਹੈ, ਅਸਲ ਵਿੱਚ ਇਸ ਵਕਤ 'ਲੋਕਤੰਤਰ ਦੀ ਮਾਂ' ਕਹੇ ਜਾਂਦੇ ਇਸ ਦੇਸ਼ ਵਿੱਚ ਲੋਕਤੰਤਰ ਦਾ ਹਾਲ 'ਜਿਸ ਕੀ ਲਾਠੀ, ਉਸ ਕੀ ਭੈਂਸ' ਵਾਲਾ ਹੋ ਚੁੱਕਾ ਹੈ। ਜਿਹੜੇ ਲੋਕ ਕਿਸੇ ਸਮੇਂ ਦੇਸ਼ ਦੀ ਸਰਕਾਰ ਚਲਾ ਰਹੀ ਪਾਰਟੀ ਦੇ ਸਿਆਸੀ ਪੱਖੋਂ ਵੀ ਤੇ ਵਿਚਾਰਧਾਰਕ ਪੱਖੋਂ ਵੀ ਕੱਟੜ ਵਿਰੋਧੀ ਹੋਇਆ ਕਰਦੇ ਸਨ, ਉਹ ਅਚਾਨਕ ਪਲਟੀ ਮਾਰ ਕੇ ਓਸੇ ਪਾਰਟੀ ਅਤੇ ਉਸ ਦੀ ਲੀਡਰਸ਼ਿਪ ਦੇ ਪਿੱਛਲੱਗ ਬਣੇ ਦਿਖਾਈ ਦੇਂਦੇ ਹਨ। ਇਹੋ ਜਿਹਾ ਇੱਕ ਜਣਾ ਪੱਛਮੀ ਬੰਗਾਲ ਵਿੱਚ ਕਿਸੇ ਵਕਤ ਮਮਤਾ ਬੈਨਰਜੀ ਦਾ ਝੋਲਾ-ਚੁੱਕ ਹੁੰਦਾ ਸੀ ਅਤੇ ਅੱਜ ਉਹ ਓਸੇ ਮਮਤਾ ਬੈਨਰਜੀ ਦੇ ਵਿਰੁੱਧ ਉਸ ਰਾਜਸੀ ਧਿਰ ਦਾ ਸਭ ਤੋਂ ਵੱਡਾ ਮੋਹਰਾ ਬਣਿਆ ਪਿਆ ਹੈ, ਜਿਸ ਦੇ ਖਿਲਾਫ ਬੋਲਦਾ ਹੁੰਦਾ ਸੀ। ਆਸਾਮ ਵਿੱਚ ਇੱਕ ਇਹੋ ਜਿਹਾ ਨੇਤਾ ਆਪਣੀਆਂ ਕਮਜ਼ੋਰੀਆਂ ਦੇ ਕਾਰਨ ਜਦੋਂ ਆਏ ਦਿਨ ਜਾਂਚ ਏਜੰਸੀਆਂ ਦੀਆਂ ਪੇਸ਼ੀਆਂ ਦੇ ਚੱਕਰ ਮਾਰ ਕੇ ਫਸਿਆ ਮਹਿਸੂਸ ਕਰਨ ਲੱਗਾ ਤਾਂ ਆਪਣੇ ਵਿਰੋਧੀਆਂ ਦੀ ਸ਼ਰਨ ਜਾ ਪਿਆ ਅਤੇ ਅੱਜ ਉਹ ਉੱਤਰ-ਪੂਰਬ ਦੇ ਸੱਤਾਂ ਰਾਜਾਂ ਵਿੱਚ ਉਨ੍ਹਾਂ ਹੀ ਅਜੋਕੇ ਲੋਕਤੰਤਰੀ ਰਾਜਿਆਂ ਦਾ ਲੱਠ-ਮਾਰ ਬਣ ਕੇ ਦਿਨੋ-ਦਿਨ ਨਵੇਂ ਕਿਲ੍ਹੇ ਫਤਹਿ ਕਰਨ ਜਾਂਦਾ ਹੈ।

'ਆਜ਼ਾਦੀ ਦਾ ਅੰਮ੍ਰਿਤ ਮਹਾ-ਉਤਸਵ' ਵਾਲੀ ਇਸ ਨਵੀਂ ਸੋਚ ਵਾਲੀ ਲਹਿਰ ਇਸ ਵਕਤ ਛੱਲਾਂ ਮਾਰਦੀ ਪੰਜਾਬ ਵੱਲ ਵਧੀ ਆਉਂਦੀ ਹੈ। ਇਸ ਦੇ ਅਗਵਾਨੂੰ ਵੀ ਬਾਹਰੋਂ ਜਾਂ ਉਸ ਸੋਚ ਦੇ ਪੱਕੇ-ਪੁਰਾਣੇ ਝੰਡਾ-ਬਰਦਾਰ ਤੇ ਕਰਿੰਦੇ ਹੋਣ ਦੀ ਥਾਂ ਪੰਜਾਬ ਵਿੱਚ ਉਹ ਸਿਆਸੀ ਤੇ ਧਾਰਮਿਕ ਆਗੂ ਬਣਦੇ ਜਾਂਦੇ ਹਨ, ਜਿਹੜੇ ਪਹਿਲਾਂ ਇਸ ਸੋਚ ਦੇ ਵਿਰੁੱਧ ਪੰਜਾਬ ਦੇ ਲੋਕਾਂ ਦੀ ਜ਼ਮੀਰ ਟੁੰਬਣ ਦੇ ਵਿਖਾਵੇ ਕਰਦੇ ਹੁੰਦੇ ਸਨ। ਉਹ ਓਦੋਂ ਵੀ ਦਿਲੋਂ ਕੰਮ ਨਹੀਂ ਸਨ ਕਰਦੇ, ਸਿਰਫ ਲੋਕਾਂ ਨੂੰ ਜਜ਼ਬਾਤੀ ਕਰ ਕੇ ਖੁਦ ਰਾਜ ਦਾ ਸੁਖ ਮਾਨਣ ਦੀ ਨੀਤ ਅਤੇ ਨੀਤੀ ਹੇਠ ਫੋਕਾ ਦਿਖਾਵਾ ਕਰਦੇ ਸਨ, ਅੱਜ ਵੀ ਉਹ ਦਿਲੋਂ ਉਸ ਸੋਚ ਨਾਲ ਨਹੀਂ, ਜਿਸ ਦੇ ਝੰਡਾ-ਬਰਦਾਰ ਬਣ ਕੇ ਉਸ ਲਈ ਪੰਜਾਬ ਫਤਹਿ ਕਰਨ ਵਾਸਤੇ ਕਾਹਲੇ ਜੋੜਦੇ ਪਏ ਹਨ। ਸਾਲ ਇੱਕ ਵੀ ਬਾਕੀ ਨਹੀਂ ਰਹਿ ਗਿਆ, ਅਗਲੇ ਸਾਲ ਮਾਰਚ ਤੱਕ ਸਿਆਸਤ ਦੇ ਘੋੜ-ਸਵਾਰ ਆਮ ਲੋਕਾਂ ਮੂਹਰੇ ਨੇਜ਼ਾਬਾਜ਼ੀ ਕਰ ਕੇ ਸੱਤਾ ਦੇ ਕਿੱਲੇ ਪੁੱਟਣ ਰੁੱਝੇ ਦਿੱਸਣਗੇ ਅਤੇ ਉਨ੍ਹਾਂ ਖੇਡਾਂ ਵਿੱਚ ਪੰਜਾਬ ਅਤੇ ਪੰਜਾਬ ਦੇ ਲੋਕ ਵੀ ਉਨ੍ਹਾਂ ਨੇਜ਼ੇਬਾਜ਼ਾਂ ਦੀ ਨੋਕ ਮੂਹਰੇ ਧਰਤੀ ਵਿੱਚ ਗੱਡੇ ਕਿੱਲਿਆਂ ਵਾਂਗ ਚੋਣ ਦਾਅ ਉੱਤੇ ਲੱਗੇ ਹੋਏ ਹੋਣਗੇ। ਇਸ ਦੀ ਸ਼ੁਰੂਆਤ ਹੋ ਚੁੱਕੀ ਤੇ ਪਹਿਲਾ ਗੇਅਰ ਲੱਗ ਚੁੱਕਾ ਹੈ। ਸਿਆਸਤ ਦੀ ਗੱਡੀ ਦੇ ਗੇਅਰ ਚਾਰ-ਪੰਜ ਨਹੀਂ ਹੁੰਦੇ, ਇਹ ਏਨੇ ਜ਼ਿਆਦੇ ਹੁੰਦੇ ਹਨ ਕਿ ਹਰ ਮਹੀਨੇ ਅਤੇ ਹਰ ਹਫਤੇ ਨਵਾਂ ਗੇਅਰ ਲੱਗਦਾ ਗਿਆ ਤਾਂ ਅਗਲੇ ਸਾਲ ਤੱਕ ਪਤਾ ਨਹੀਂ ਕਿੰਨੇ ਲੱਗ ਜਾਣਗੇ ਅਤੇ ਉਨ੍ਹਾਂ ਗੇਅਰਾਂ ਨਾਲ ਵਧਦੀ ਗਈ ਰਫਤਾਰ ਵਿੱਚ ਲੋਕਾਂ ਨੂੰ ਭਾਰਤ ਦੀ ਸੁੱਧ ਕੀ ਰਹਿਣੀ ਹੈ, ਉਨ੍ਹਾਂ ਨੂੰ ਆਪਣਾ ਅਤੇ ਆਪਣੀ ਅਗਲੀ ਪੀੜ੍ਹੀ ਦਾ ਭਲਾ-ਬੁਰਾ ਵੀ ਯਾਦ ਨਹੀਂ ਰਹਿਣਾ। ਆਮ ਲੋਕਾਂ ਨੂੰ ਇਸ ਵਿੱਚੋਂ ਕੀ ਮਿਲੇਗਾ, ਦੋ-ਚਾਰ ਨਵੇਂ ਨਾਅਰੇ ਜਾਂ ਚਾਰ ਦਿਨਾਂ ਦਾ ਰੌਣਕ-ਮੇਲਾ, ਇਸ ਤੋਂ ਬਿਨਾਂ ਕੱਖ ਵੀ ਨਹੀਂ ਮਿਲਣ ਲੱਗਾ। ਆਜ਼ਾਦੀ ਦੇ ਪੰਝੱਤਰ ਸਾਲ ਪੂਰੇ ਹੋਣ ਮੌਕੇ ਮਨਾਇਆ ਜਾਣ ਵਾਲਾ 'ਆਜ਼ਾਦੀ ਦਾ ਅੰਮ੍ਰਿਤ ਮਹਾ-ਉਤਸਵ' ਓਦਾਂ ਹੀ ਲੋਕਾਂ ਸਿਰਾਂ ਦੇ ਉੱਤੋਂ ਲੰਘ ਜਾਵੇਗਾ, ਜਿਸ ਤਰ੍ਹਾਂ ਆਜ਼ਾਦੀ ਮਿਲਣ ਪਿੱਛੋਂ ਦੇ ਕੈਲੰਡਰਾਂ ਦੀ ਪੌਣੀ ਸਦੀ ਪੈਰ ਜਿਹੇ ਧਰੀਕਦੀ ਲੰਘ ਗਈ ਸੀ।

ਦੂਰਦਰਸ਼ਨ ਕੇਂਦਰ ਜਲੰਧਰ ਦੇ ਡਾਇਰੈਕਟਰ

ਪ੍ਰੋ. ਕੁਲਬੀਰ ਸਿੰਘ

1990 ਤੋਂ 2022 ਤੱਕ ਦੂਰਦਰਸ਼ਨ ਕੇਂਦਰ ਜਲੰਧਰ ਵਿਖੇ ਜਿਹੜੇ

5-March-Sunday.qxd 3/4/2023 10:06 PM Page 4

ਵਰਤਮਾਨ ਵਰਤਾਰਿਆਂ ਦਾ ਚਿੰਤਨ

ਅੰਦਰ ਖੁੱਲ੍ਹਦੀ ਖਿੜਕੀ
(ਕਾਵਿ ਸੰਗ੍ਰਹਿ)
ਡਾ: ਰਵਿੰਦਰ
ਪੰਨੇ : 120, ਮੁੱਲ : 250 ਰੁਪਏ
ਚੇਤਨਾ ਪ੍ਰਕਾਸ਼ਨ, ਲੁਧਿਆਣਾ

ਡਾ. ਰਵਿੰਦਰ ਦੀ ਸ਼ਾਇਰੀ ਚਿੰਤਨਸ਼ੀਲ ਸ਼ਾਇਰੀ ਵਜੋਂ ਦ੍ਰਿਸ਼ਟੀਗੋਚਰ ਹੁੰਦੀ ਹੈ। ਸ਼ਾਇਰ ਦਾ ਚਿੰਤਨਸ਼ੀਲ ਸਿਧਾਂਤ ਪਾਠਕ ਤੱਕ ਪਹੁੰਚ ਕੇ ਨਾਜ਼ੁਕ ਪ੍ਰਸਥਿਤੀਆਂ ਨੂੰ ਸਮਝਣ ਦੀ ਸਮਝ ਪੈਦਾ ਕਰਦਾ ਹੈ। ਉਹ ਸਮਾਜਿਕ ਸਿਸਟਮ ਵਿੱਚ ਵਿਚਰਦਿਆਂ ਜੀਵਨ ਦੀਆਂ ਘਟਨਾਵਾਂ ਦੇ ਵਾਪਰਨ ਕ੍ਰਮ ਨੂੰ ਬਹੁਤ ਹੀ ਡੂੰਘਾਈ ਤੇ ਬਾਰੀਕਬੀਨੀ ਨਾਲ ਵਾਚਦਾ ਹੈ। ਉਹ ਸ਼ਬਦਾਂ ਦੀ ਸਰਲ, ਸਪੱਸ਼ਟ ਤੇ ਸੁਚੱਜੀ ਚੋਣ ਕਰਦਾ ਹੈ, ਕਿਉਂਕਿ ਉਸ ਨੂੰ ਸ਼ਬਦਾਂ ਦੇ ਕੀਮਤੀ ਅਰਥਾਂ ਦਾ ਗਿਆਨ ਹੈ। ਡਾ. ਰਵਿੰਦਰ ਬਟਾਲੇ ਦੀ ਧਰਤੀ ਦਾ ਪ੍ਰਮੁੱਖ ਕਵੀ ਹੈ। ਉਸ ਦੇ ਵਿਦਵਾਨ ਦੋਸਤ ਪ੍ਰੋ. ਜੋਗਿੰਦਰ ਸਿੰਘ ਕੈਰੋਂ ਤੇ ਸੁਰਜੀਤ ਪਾਤਰ ਹਨ। ਡਾ. ਰਵਿੰਦਰ ਬੱਚਿਆਂ ਦੇ ਮਾਹਰ ਡਾਕਟਰ ਹਨ। ਬੱਚਿਆਂ ਨੂੰ ਤੰਦਰੁਸਤ ਕਰਨ ਦੀ ਸੇਵਾ ਦੇ ਨਾਲ-ਨਾਲ ਆਪਣੇ ਰੁਝੇਵਿਆਂ ਵਿੱਚੋਂ ਸਮਾਂ ਕੱਢ ਕੇ ਸੈਮੀਨਾਰਾਂ, ਵਿਚਾਰ ਗੋਸ਼ਟੀਆਂ ਤੇ ਕਵੀ ਦਰਬਾਰਾਂ ਵਿੱਚ ਸ਼ਾਮਲ ਹੁੰਦੇ ਹਨ। ਉਹਨਾ ਦੇ ਪ੍ਰਮੁੱਖ ਕਾਵਿ ਸੰਗ੍ਰਹਿ ਆਪਣੀ ਉਡੀਕ ਵਿੱਚ, ਨਦੀ, ਪੌਣ, ਖੁਸ਼ਬੋ, ਬੰਸਰੀ ਉਦਾਸ ਹੈ, ਇੱਕ ਜੰਗਲ ਮੇਰੇ ਅੰਦਰ, ਆਲ੍ਹਣੇ ਘਰ ਪਿੰਜਰੇ, ਮੇਰੇ ਲਈ ਨਾ ਰੁਕੋ, ਕਵਿਤਾ ਮੇਰੇ ਨਾਲ-ਨਾਲ, ਭਰਿਆ ਹੈ ਮੇਰਾ ਆਸਮਾਨ, ਅਜੇ ਵਕਤ ਨਹੀਂ ਆਇਆ, ਚਿਹਰਾ ਚਿਹਰਾ ਮੈਂ, ਅੰਦਰ ਖੁੱਲ੍ਹਦੀ ਖਿੜਕੀ ਆਦਿ ਹਨ। ਇੱਕ ਨਾਟਕ 'ਕਿਸ ਦਰ ਦਸਤਕ ਦਈਏ' ਹੈ। ਇਸ ਤੋਂ ਇਲਾਵਾ ਵਿਕਲਪ, ਅਜੋਕੇ ਸ਼ਿਲਾਲੇਖ (ਤ੍ਰੈਮਾਸਿਕ), ਮਾਝੇ ਦੇ ਮੋਤੀ, ਦੁਆਬੇ ਦੇ ਮੋਤੀ, ਮਾਲਵੇ ਦੇ ਮੋਤੀ (ਪੰਜਾਬੀ ਲੇਖਕ ਕੋਸ਼), ਸੁਖਵਿੰਦਰ ਅੰਮ੍ਰਿਤ ਦੀ ਸ਼ਾਇਰੀ, ਸੁਰਜੀਤ ਪਾਤਰ ਦੀ ਸ਼ਾਇਰੀ ਆਦਿ ਦੀ ਸੰਪਾਦਨਾ ਕੀਤੀ ਹੈ। ਉਸ ਦੀਆਂ ਰਚਨਾਵਾਂ ਉੱਪਰ ਆਲੋਚਨਾਤਮਕ ਪੁਸਤਕਾਂ ਵੀ ਪ੍ਰਾਪਤ ਹੁੰਦੀਆਂ ਹਨ। ਮੇਰੀ ਵਿਚਾਰ-ਚਰਚਾ ਦਾ ਆਧਾਰ ਡਾ. ਰਵਿੰਦਰ ਦਾ ਕਾਵਿ ਸੰਗ੍ਰਹਿ 'ਅੰਦਰ ਖੁੱਲ੍ਹਦੀ ਖਿੜਕੀ : ਵਰਤਮਾਨ ਵਰਤਾਰਿਆਂ ਦਾ ਚਿੰਤਨ' ਹੈ।

ਕਵਿਤਾ 'ਇੱਕ ਫਿਕਰੇ ਦੀ ਤਾਕਤ' ਵਿੱਚ ਡਾ. ਰਵਿੰਦਰ ਨੇ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਤੇ ਗੁਰੂ ਗੋਬਿੰਦ ਸਿੰਘ ਦੀ ਸਰਬੰਸ ਵਾਰਨ ਦੀ ਕੀਰਤੀ ਨੂੰ ਰੂਪਮਾਨ ਕੀਤਾ ਹੈ। ਕਵੀ ਨੇ ਇੱਕ ਫਿਕਰੇ ਪਿੱਛੇ ਲੁਕੇ ਲਾਸਾਨੀ ਇਤਿਹਾਸ ਦੀਆਂ ਪਰਤਾਂ ਨੂੰ ਦ੍ਰਿਸ਼ਟੀਗੋਚਰ ਕੀਤਾ ਹੈ। ਗੁਰੂ ਸਾਹਿਬਾਨ ਦੀ ਜੀਵਨ ਹਯਾਤੀ :

ਨੌਂ ਸਾਲ ਦੇ ਬਾਲਕ ਦੇ
ਇੱਕ ਵਾਕ, ਇੱਕ ਫਿਕਰੇ ਨੇ
ਬਾਪ ਨੂੰ 'ਹਿੰਦ ਦੀ ਚਾਦਰ' ਬਣਾ ਦਿੱਤਾ
ਇੱਕ ਮੁਲਕ
ਇੱਕ ਧਰਮ ਬਚਾ ਦਿੱਤਾ
ਇੱਕ ਕੌਮ ਸਿਰਜੀ
ਚਿੜੀਓਂ ਬਾਜ਼ ਤੁੜਾ ਦਿੱਤਾ
ਸਵਾ ਲੱਖ ਨਾਲ ਇੱਕ ਲੜਾ ਦਿੱਤਾ। (40)

ਇਸ ਇੱਕ ਸ਼ਬਦ ਨੇ ਇਤਿਹਾਸ ਦੇ ਪੰਨਿਆਂ ਉੱਤੇ 'ਖਾਲਸੇ ਦੀ ਸਿਰਜਣਾ' ਤੇ 'ਸਰਬੰਸਦਾਨੀ' ਦੀ ਇਬਾਰਤ ਲਿਖ ਦਿੱਤੀ। ਸਿੰਘਾਂ ਨੂੰ ਮਰਜੀਵੜੇ ਬਣਾ ਦਿੱਤਾ। ਕਵਿਤਾ 'ਪੰਜਾ ਤੇ ਪਹਾੜ' ਵਿੱਚ ਬਾਬੇ ਨਾਨਕ ਦੀ ਸ਼ਖਸੀਅਤ ਨੂੰ ਰੂਪਮਾਨ ਕੀਤਾ ਹੈ। ਫਿਰ ਇਤਿਹਾਸ ਦੀ ਰੇਖਾ ਖਿੱਚਦੇ ਹੋਏ ਬਾਬੇ ਨਾਨਕ ਦੇ ਪੈਰੋਕਾਰਾਂ ਦੀ ਮਹਾਨਤਾ ਦਰਸਾਉਂਦੇ ਹੋਏ ਕਿਸਾਨੀ ਅੰਦੋਲਨ ਤੱਕ ਪਹੁੰਚਦਾ ਹੈ, ਜਿਨ੍ਹਾਂ ਨੇ ਆਪਣੇ ਹੱਕਾਂ ਦੀ ਖਾਤਰ ਸਾਮਰਾਜੀ ਸਰਕਾਰਾਂ ਦਾ ਵਿਰੋਧ ਕੀਤਾ। ਡਾ. ਰਵਿੰਦਰ ਦਾ ਹੱਕ, ਸੱਚ ਲਈ ਵਿਸ਼ਵ-ਵਿਆਪੀ ਸਿਧਾਂਤ ਉਜਾਗਰ ਹੁੰਦਾ ਹੈ :

ਸੱਚ ਤੇ ਸਿਦਕ
ਹਮੇਸ਼ਾ ਜਿੱਤਦੇ ਨੇ
ਕਿਸੇ ਯੁੱਗ ਵਿੱਚ ਹੋਣ
ਕਿਸੇ ਯੁੱਧ ਵਿੱਚ ਹੋਣ
ਕਿਸੇ ਦੇਸ਼ ਵਿੱਚ ਹੋਣ। (89)

ਡਾ. ਰਵਿੰਦਰ ਦਾ ਕਾਵਿ-ਲੋਕ ਵਰਤਮਾਨ ਪ੍ਰਸਥਿਤੀਆਂ ਦੀ ਨਾਜ਼ੁਕਤਾ ਨੂੰ ਬਾਖੂਬੀ ਸਮਝਦਾ ਹੈ। ਆਧੁਨਿਕ ਮਨੁੱਖ ਜਿਸ ਤਕਨਾਲੋਜੀ ਦੇ ਦੌਰ ਦੀ ਵਸਤੂ ਬਣ ਗਿਆ ਹੈ, ਉਸ ਤੋਂ ਵਾਪਸ ਪਰਤਣਾ ਮੁਸ਼ਕਲ ਹੈ। ਮਨੁੱਖ ਆਪਣੀ ਪਹਿਚਾਣ ਬਣਾਉਣ ਲਈ ਗਧੀ-ਗੇੜ ਵਿੱਚ ਪਿਆ ਜ਼ਿੰਦਗੀ ਜਿਊਣਾ ਭੁੱਲ ਜਾਂਦਾ ਹੈ। ਉਸ ਦੀਆਂ ਕਵਿਤਾਵਾਂ ਪਾਠਕਾਂ ਨੂੰ ਇਕਸੁਰਤਾ ਤੇ ਤਣਾਓ ਮੁਕਤ ਰਹਿਣ ਦਾ ਹੌਸਲਾ ਦਿੰਦੀਆਂ ਹਨ। 'ਅਸੀਂ ਦਿੱਲੀ ਨਹੀਂ ਜਿੱਤਣੀ' ਕਵਿਤਾ ਵਿੱਚ ਤਿੰਨ ਕਾਲੇ ਕਾਨੂੰਨ ਦੇ ਵਿਰੋਧ ਵਿੱਚ ਕਿਸਾਨੀ ਅੰਦੋਲਨ ਦਾ ਜ਼ਿਕਰ ਕੀਤਾ ਹੈ। ਦਿੱਲੀ ਦੇ ਤਖਤ ਉੱਤੇ ਰਾਜ ਕਰਦੀਆਂ ਸਾਮਰਾਜੀ ਸ਼ਕਤੀਆਂ ਦੇ ਹਰ ਯੁੱਗ ਵਿੱਚ ਆਮ ਮਨੁੱਖਤਾ 'ਤੇ ਜ਼ੁਲਮ ਢਾਹਿਆ। ਇਤਿਹਾਸ ਗਵਾਹ ਹੈ ਕਿ 'ਨਾਦਰਸ਼ਾਹੀ ਤਖਤ' ਦੇ ਜ਼ੁਲਮਾਂ ਵਿਰੁੱਧ ਤੇ ਮਨੁੱਖਤਾ ਦੇ ਹੱਕ-ਸੱਚ, ਆਜ਼ਾਦੀ ਲਈ ਸਭ ਤੋਂ ਜ਼ਿਆਦਾ ਕੁਰਬਾਨੀਆਂ ਸਿੱਖ ਕੌਮ ਨੇ ਹੀ ਦਿੱਤੀਆਂ, ਪਰ ਸਿੱਖਾਂ ਦੀਆਂ ਕੁਰਬਾਨੀਆਂ ਨੂੰ ਭੁੱਲ ਕੇ ਸਿੱਖਾਂ ਨੂੰ 'ਹਾਸ਼ੀਏ' ਉੱਤੇ ਧੱਕ ਦਿੱਤਾ। ਇਤਿਹਾਸ ਦੇ ਪੰਨੇ ਸਿੱਖਾਂ ਉੱਤੇ ਹੋਏ ਤਸ਼ੱਦਦ ਦੇ ਗਵਾਹ ਹਨ ਅਤੇ ਵਰਤਮਾਨ ਪ੍ਰਸਥਿਤੀਆਂ ਵਿੱਚ ਵੀ ਤਸ਼ੱਦਦ ਜਾਰੀ ਹੈ। ਡਾ. ਰਵਿੰਦਰ ਇਤਿਹਾਸਕ ਤੱਥ ਪੇਸ਼ ਕਰਦਾ ਹੈ :

ਸਾਡੇ ਲਈ
ਉਂਜ ਵੀ ਦਿੱਲੀ
ਉਬਲਦੀ ਦੇਗ, ਆਰਾ, ਚਰਖੜੀ
ਸੜਦੇ ਟਾਇਰ ਤੇ ਤਲਵਾਰ ਦਾ ਨਾਂਅ ਹੈ। (44)

ਜਿਸ ਅੰਨਦਾਤਾ ਨੇ ਦੇਸ਼ ਨੂੰ ਪਾਲਣ ਲਈ ਅਣਥੱਕ ਤੇ ਹੱਡ-ਭੰਨਵੀਂ ਮਿਹਨਤ ਕਰਕੇ ਅਨਾਜ ਦੇ ਭੰਡਾਰ ਦਿੱਤੇ, ਅੱਜ ਉਸੇ ਕਿਸਾਨ ਤੇ ਖੇਤਾਂ ਨੂੰ ਖਤਮ ਕਰਨ ਲਈ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਵਿਕਾਸ ਦੇ ਨਾਂਅ 'ਤੇ ਕਿਸਾਨਾਂ ਨੂੰ ਉਜਾੜਿਆ ਜਾ ਰਿਹਾ ਹੈ। ਦੇਸ਼ ਦਾ ਕਿਸਾਨ ਕਣਕ ਦੀਆਂ ਗੋਲੀਆਂ ਖਾ ਕੇ, ਕਰਜ਼ਿਆਂ ਦੀ ਫਾਹੀ ਲੈ, ਕੈਂਸਰ ਟ੍ਰੇਨਾਂ, ਜ਼ਹਿਰੀਲੀ ਮਿੱਟੀ, ਪਾਣੀ, ਹਵਾ ਵਿੱਚ ਦਮ ਤੋੜ ਰਿਹਾ ਹੈ। ਕਵੀ ਜ਼ੋਰਦਾਰ ਸ਼ਬਦਾਂ ਵਿੱਚ ਸੈਂਟਰ ਸਰਕਾਰਾਂ ਦੀਆਂ ਲੋਕ-ਮਾਰੂ ਨੀਤੀਆਂ ਦਾ ਪਰਦਾਫਾਸ਼ ਕਰਕੇ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਂਦਾ ਹੈ। ਸ਼ਹੀਦੇ-ਆਜ਼ਮ ਭਗਤ ਸਿੰਘ ਨੇ ਅੰਗਰੇਜ਼ਾਂ ਵਿਰੁੱਧ ਸੰਘਰਸ਼ ਕੀਤਾ ਤੇ ਬਚਪਨ ਤੋਂ ਹੀ 'ਖੇਤਾਂ ਵਿੱਚ ਬੰਦੂਕਾਂ ਬੀਜਣ' ਦਾ ਹੋਕਾ ਦਿੱਤਾ ਸੀ, ਜਿਸ ਸਦਕਾ ਭਾਰਤ ਆਜ਼ਾਦ ਹੋਇਆ। ਡਾ. ਰਵਿੰਦਰ 'ਫਸਲਾਂ ਤੇ ਨਸਲਾਂ' ਕਵਿਤਾ ਵਿੱਚ ਤਾਕੀਦ ਕਰਦਾ ਹੈ :

ਅਜਿਹਾ ਨਾ ਹੋਵੇ
ਫਸਲਾਂ ਦੀ ਅਦਲਾ-ਬਦਲੀ ਦੀ
ਸਰਕਾਰੀ ਸਲਾਹ ਮੰਨ ਕੇ
ਸਾਡੀ ਅਗਲੀ ਪੀੜ੍ਹੀ
ਸ਼ਹੀਦੇ ਆਜ਼ਮ ਦੇ
ਬੋਲਾਂ 'ਤੇ ਪਹਿਰਾ ਦਿੰਦਿਆਂ
ਏਦਾਂ ਦੀ ਕੋਈ
ਫਸਲ ਬੀਜਣ ਲੱਗ ਪਵੇ... (46)

ਕਿਤਾਬ ਦੀ ਪਰਖ ਪੜਚੋਲ

ਡਾ. ਹਰਿੰਦਰ ਸਿੰਘ ਤੁੜ

ਕਵਿਤਾ 'ਔਕਾਤ' ਵਿੱਚ ਕਵੀ ਨੇ ਮਨੁੱਖੀ ਸੁਭਾਅ ਤੇ ਵਿਵਹਾਰ ਦਾ ਜ਼ਿਕਰ ਕੀਤਾ ਹੈ। ਅਸੀਂ ਬਾਹਰੀ ਕਾਰਜ-ਪ੍ਰਣਾਲੀ ਤੋਂ ਉਸ ਦੀ ਔਕਾਤ ਬਾਰੇ ਅੰਦਾਜ਼ੇ ਲਗਾਉਂਦੇ ਹਾਂ, ਜੋ ਠੀਕ ਨਹੀਂ ਹੁੰਦਾ। ਡਾ. ਜੋਗਿੰਦਰ ਸਿੰਘ ਕੈਰੋਂ ਦਾ ਵਿਚਾਰ ਹੈ ਕਿ 'ਜਿਵੇਂ ਡਾ. ਰਵਿੰਦਰ ਨੇ ਔਕਾਤ ਨੂੰ ਸੈਂਟਰ ਵਿੱਚ ਰੱਖਿਆ ਤੇ ਫਿਰ ਔਕਾਤ ਆ ਹੁੰਦੀ ਏ, ਔਕਾਤ ਆ ਹੁੰਦੀ ਏ..ਬਾਰੇ ਦੱਸਦਾ ਹੈ। ਇਹਨਾਂ ਗੁਣ, ਦੋਸ਼ਾਂ, ਗਵਾਹੀਆਂ ਨਾਲ ਕਵਿਤਾ ਉਸਾਰ ਕੇ ਅਖੀਰ ਬਟਨ ਵਾਂਗ ਚੀਜ਼ ਬੰਦ ਕਰਦਾ ਹੈ। ਇਹ ਉਸ ਦਾ ਕਵਿਤਾ ਸਿਰਜਣ ਦਾ ਤਰੀਕਾ ਹੈ।' ਡਾ. ਰਵਿੰਦਰ ਦੀ ਕਵਿਤਾ 'ਔਕਾਤ', ਪਾਸ਼ ਦੀ ਕਵਿਤਾ 'ਸਭ ਤੋਂ ਖਤਰਨਾਕ' ਵਾਲੀ ਬਿਰਤੀ ਦੀ ਧਾਰਨੀ ਹੈ। ਉਹ 'ਔਕਾਤ ਦੀ ਪਰਖ' ਲਈ ਮਾਨਵਤਾ ਤੇ ਸਰਬ-ਸਾਂਝੀਵਾਲਤਾ ਦੇ ਸਿਧਾਂਤ ਨੂੰ ਅਪਨਾਉਣ 'ਤੇ ਜ਼ੋਰ ਦਿੰਦਾ ਹੈ :

ਕਿਸੇ ਦਾ ਦੁੱਖ ਵੇਖ ਕੇ ਪਸੀਜ ਜਾਣਾ
ਕਿਸੇ ਲਈ ਹਮਦਰਦੀ ਦੇ ਦੋ ਬੋਲ ਬੋਲਣਾ
ਕਿਸੇ ਨਾਲ ਧੱਕਾ ਹੁੰਦਾ ਵੇਖ
ਉਹਦੇ ਪਿੱਛੇ ਕੰਧ ਬਣ ਖੜ੍ਹ ਜਾਣਾ। (111)

'ਕਹਾਵਤਾਂ ਦੇ ਜਾਲ ਵਿੱਚ' ਡਾ. ਰਵਿੰਦਰ ਨੇ ਚਿੜੀਆਂ ਬਾਰੇ ਯਥਾਰਥਕ ਬਿੰਬ ਉਸਾਰਿਆ ਹੈ। ਚਿੜੀਆਂ ਲਈ ਖੇਤ ਚੁਗਣਾ, ਚੁੰਝ ਭਰ ਨੀਰ, ਬੇਜ਼ੁਬਾਨ ਧੀਆਂ ਆਦਿ ਤਰਸ ਭਰਪੂਰ ਸ਼ਬਦਾਂ ਦਾ ਜ਼ਿਕਰ ਕਰਕੇ ਨਿਮਾਣੀ ਜਿਹੀ ਬਣਾ ਦਿੱਤਾ ਹੈ। ਚਿੜੀਆਂ, ਧੀਆਂ, ਔਰਤਾਂ ਨੂੰ ਆਪਣੇ ਤਰੀਕੇ ਨਾਲ ਵਰਤਣ ਦਾ ਯਥਾਰਥ ਵੀ ਦ੍ਰਿਸ਼ਟੀਗੋਚਰ ਕੀਤਾ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਨੇ 'ਚਿੜੀਆਂ ਨੂੰ ਬਾਜ਼ ਨਾਲ ਲੜਾ ਕੇਂ' ਬਹਾਦਰੀ ਵਜੋਂ ਰੂਪਮਾਨ ਕੀਤਾ ਸੀ, ਪਰ ਸਮੇਂ ਦੇ ਬਦਲਾਵ ਤੇ ਪਦਾਰਥਕ ਸਿਸਟਮ ਨੇ ਚਿੜੀਆਂ ਨੂੰ ਸਮਾਜਿਕ ਸਿਸਟਮ ਦੀਆਂ ਬੰਦਿਸ਼ਾਂ ਵਿੱਚ ਕੈਦ ਕਰ ਲਿਆ ਹੈ ਤੇ ਉਸ ਦੀ ਹੋਂਦ ਨਿਮਾਣੀ ਜਿਹੀ ਬਣਾ ਕੇ ਰੱਖ ਦਿੱਤੀ ਹੈ। ਆਧੁਨਿਕ ਸਮੇਂ ਵਿੱਚ 'ਉਹ' ਸਮਾਜ ਦੇ ਸ਼ਬਦ ਜਾਲ ਵਿੱਚੋਂ ਨਿਕਲ ਨਹੀਂ ਸਕਦੀ :

ਸ਼ਿਕਾਰੀ ਦੇ ਜਾਲ ਨੂੰ ਤਾਂ
ਲੈ ਕੇ ਉੱਡ ਗਈਓ ਸੀ ਨਾ
ਸ਼ਬਦਾਂ ਦੇ ਜਾਲ 'ਚੋਂ
ਨਿਕਲ ਕੇ ਦੱਸੋ ਤਾਂ ਮੰਨੀਏ। (32)

ਡਾ. ਰਵਿੰਦਰ ਨੇ ਵਰਤਮਾਨ ਸਮੇਂ ਵਿੱਚ ਪਨਪਦੇ ਵਰਤਾਰਿਆਂ ਦੇ ਯਥਾਰਥ ਨੂੰ 'ਯੁੱਧ ਤੇ ਮਹਾਂਮਾਰੀ' ਕਵਿਤਾ ਵਿੱਚ ਪੇਸ਼ ਕੀਤਾ ਹੈ। ਯੁੱਧ ਤੇ ਮਹਾਂਮਾਰੀ ਦੋਵੇਂ ਹੀ ਮਨੁੱਖਤਾ ਦਾ ਘਾਣ ਕਰਦੇ ਤੇ ਜੀਵਨ ਦੀ ਹੋਂਦ ਨੂੰ ਮਨਫੀ ਕਰਦੇ ਹਨ। ਡਾ. ਅਨੂਪ ਸਿੰਘ ਦਾ ਵਿਚਾਰ ਹੈ, 'ਡਾ. ਰਵਿੰਦਰ ਯਥਾਰਥ ਨੂੰ ਮੌਲਿਕ ਪ੍ਰਤੱਖ ਅਨੁਭਵ ਤੇ ਅਹਿਸਾਸਾਂ ਨੂੰ ਦਾਰਸ਼ਨਿਕ ਪਹੁੰਚ ਦ੍ਰਿਸ਼ਟੀ ਨਾਲ ਪਕੜਨ ਤੇ ਪੇਸ਼ ਕਰਦਾ ਨਜ਼ਰ ਆਉਂਦਾ ਹੈ।' ਯੁੱਧ ਦੂਜੇ ਉੱਪਰ ਕਬਜ਼ੇ ਦੀ ਭਾਵਨਾ ਤੋਂ ਰੂਪ ਅਖਤਿਆਰ ਕਰਦਾ ਹੈ। ਵਿਅਕਤੀਗਤ, ਸਮੂਹਕ, ਪਿੰਡ, ਨਗਰ, ਰਾਜ, ਦੇਸ਼, ਵਿਸ਼ਵ ਪੱਧਰ ਤੱਕ ਕਬਜ਼ੇ ਦੀਆਂ ਭਾਵਨਾਵਾਂ ਤੇ ਸਾਮਰਾਜੀ ਸਿਸਟਮ ਦੀਆਂ ਲਾਲਸਾਵਾਂ ਨੇ ਯੁੱਧ ਤੇ ਮਹਾਂਮਾਰੀ ਨੂੰ ਜਨਮ ਦਿੱਤਾ। 'ਕੋਰੋਨਾ ਸੰਕਟ' ਤੇ 'ਯੂਕਰੇਨ ਯੁੱਧ' ਆਧੁਨਿਕ ਵਰਤਾਰਿਆਂ ਦੀਆਂ ਉਦਾਹਰਣਾਂ ਹਨ। ਇਹਨਾਂ ਕਰਕੇ ਮੌਤ ਤੇ ਬੇਪਤੀ ਦਾ ਨੰਗਾ ਨਾਚ ਹੋਇਆ। ਡਾ. ਰਵਿੰਦਰ ਲੋਕਾਈ ਨੂੰ ਜਾਗ੍ਰਿਤ ਕਰਦਾ ਹੈ ਕਿ ਮਨੁੱਖ ਦੀ ਮੌਤ ਤੋਂ ਬਾਅਦ ਨਾ ਧਰਮ, ਨਾ ਜਾਤ ਦੀ ਪਹਿਚਾਣ ਹੁੰਦੀ ਏ, ਜਿਹੜਾ ਮਰਜ਼ੀ ਸਸਕਾਰ ਕਰੀ ਜਾਵੋ। ਚਾਹੇ ਸਰੀਰ ਨੂੰ ਜਲਾ ਦਿਓ ਜਾਂ ਦਫਨਾ ਦਿਓ, ਇਸ ਦਾ ਬੇਜਾਨ ਸਰੀਰ ਨੂੰ ਕੋਈ ਫਰਕ ਨਹੀਂ ਪੈਂਦਾ, ਕਿਉਂਕਿ ਮਹਾਂਮਾਰੀ ਜਾਂ ਯੁੱਧ ਵਿੱਚ ਮਰੇ ਵਿਅਕਤੀ ਦੇ ਕੱਟੇ-ਵੱਢੇ ਅੰਗ ਵੀ ਬੇਪਛਾਣ ਹੁੰਦੇ ਹਨ :

ਬੇਪਛਾਣ ਲਾਵਾਰਸ ਲਾਸ਼ਾਂ ਦੇ ਟੋਟੇ
ਦੋਹਾਂ ਵਿੱਚ ਕੋਈ ਫਰਕ ਨਾ ਪੈਂਦਾ
ਕਿਹੜੀ ਕਬਰ 'ਚ
ਕਿਸ ਦੇ ਅੰਗ, ਸਰੀਰ ਹੋਣਗੇ
ਕਿਹੜੀ ਚਿਖਾ 'ਚ ਚਿਣੇ ਜਾਣਗੇ। (106)

ਇਤਿਹਾਸ ਗਵਾਹ ਹੈ ਕਿ ਯੁੱਧ ਤੇ ਮਹਾਂਮਾਰੀ ਨੇ ਹਮੇਸ਼ਾ ਜੀਵਨ ਦੀ ਰੁਮਕਦੀ ਹੋਂਦ ਨੂੰ ਮੌਤ ਵਿੱਚ ਬਦਲ ਦਿੱਤਾ। ਇਸ ਸ੍ਰਿਸ਼ਟੀ ਦੀ ਹੋਂਦ ਤੋਂ ਬਾਅਦ ਕਬਜ਼ੇ ਦੀ ਭਾਵਨਾ ਨਾਲ ਅਨੇਕ ਯੁੱਧ ਲੜੇ ਗਏ, ਬੇਗਿਣਤ, ਬੇਦੋਸ਼ੇ ਲੋਕਾਂ ਦੀ ਜਾਨ ਗਈ, ਪਰ ਕਿਸੇ ਨੇ ਵੀ ਇਹਨਾਂ ਨੂੰ ਰੋਕਣ ਦੇ ਯਤਨ ਨਹੀਂ ਕੀਤੇ, ਨਾ ਕੋਈ ਸਿੱਖਿਆ ਗ੍ਰਹਿਣ ਕੀਤੀ, ਸਗੋਂ ਹੋਰ ਜ਼ਿਆਦਾ ਖਤਰਨਾਕ ਹਥਿਆਰ ਬਣਾਏ। ਵਰਤਮਾਨ ਯੁੱਗ ਵਿੱਚ ਵਿਸ਼ਵ ਅੰਦਰ ਕਿਤੇ ਲੜਾਈ ਚੱਲ ਰਹੀ ਏ, ਕਿਤੇ ਮਹਾਂਮਾਰੀਆਂ ਫੈਲ ਰਹੀਆਂ ਹਨ। ਧਰਮ ਦੇ ਨਾਂਅ ਉੱਤੇ ਲੜੀਆਂ ਜਾ ਰਹੀਆਂ ਲੜਾਈਆਂ ਉੱਤੇ ਵਿਅੰਗਾਤਮਕ ਚਿੱਤਰ ਉਲੀਕਦਾ ਹੈ :

ਅਸਥੀਆਂ, ਫੁੱਲ ਬਦਲ ਜਾਂਦੇ ਨੇ
ਕਿਹੜੇ ਵਾਰਸ
ਕਿਹੜੇ ਪਿਤਰਾਂ ਨੂੰ
ਲੈ ਜਾਣਗੇ ਸਫਰ ਆਖਰੀ
ਕਿਸ ਨੂੰ ਕਿਹੜੇ ਰੱਬ ਦੇ
ਚਰਨਾਂ ਵਿੱਚ ਅਸਥਾਨ ਮਿਲੇਗਾ... (107)

ਵਰਤਮਾਨ ਵਿਗਿਆਨਕ ਤੇ ਤਕਨਾਲੋਜੀ ਦੇ ਯੁੱਗ ਵਿੱਚ ਵਿਅਕਤੀ ਮਾਨਸਿਕ ਪੱਧਰ ਉੱਤੇ ਜ਼ਿਆਦਾ ਵਿਚਰਦਾ ਹੈ। ਪਦਾਰਥਕ ਸਿਸਟਮ ਨੇ ਮਨੁੱਖ ਨੂੰ ਨਿੱਜਤਾ ਤੱਕ ਸੀਮਤ ਕਰ ਦਿੱਤਾ ਹੈ, ਜਿਸ ਨਾਲ ਭਾਈਚਾਰਕ ਸਾਂਝਾਂ ਖਤਮ ਹੋ ਰਹੀਆਂ ਹਨ। ਵਿਚਾਰਾਂ ਦੇ ਆਦਾਨ-ਪ੍ਰਦਾਨ ਦੀ ਅਣਹੋਂਦ ਵਿੱਚ ਮਨੁੱਖ ਤਣਾਓ-ਗ੍ਰਸਤ ਹੋ ਚੁੱਕਾ ਹੈ। ਮਾਨਸਿਕਤਾ ਵਿੱਚ ਪਨਪ ਰਹੀਆਂ ਪੀਡੀਆਂ ਗੰਢਾਂ ਦਾ ਕਥਾਰਸਿਸ ਨਹੀਂ ਹੁੰਦਾ। ਕਵਿਤਾ 'ਹਥਿਆਰ ਤੇ ਵਿਚਾਰ' ਵਿੱਚ ਸੰਵਾਦ ਰਚਾਇਆ ਹੈ। ਇਸ ਸਾਰਥਿਕ ਸੰਵਾਦ ਨੇ ਸਾਮਰਾਜਵਾਦੀ ਸ਼ਕਤੀਆਂ ਦੇ ਹਥਿਆਰ ਬਣਾਉਣ ਦੀ ਦੌੜ ਉੱਤੇ ਪ੍ਰਸ਼ਨ ਕੀਤਾ ਹੈ, ਕਿਉਂਕਿ ਹਥਿਆਰਾਂ ਦੀ ਭਿਆਨਕਤਾ ਨੇ ਨਸਲਾਂ ਨੂੰ ਅੰਗਹੀਣਤਾ ਦਾ ਜੀਵਨ ਦਿੱਤਾ ਹੈ। ਹਥਿਆਰ ਆਪਣੇ ਤੇ ਪਰਾਏ ਦੀ ਪਹਿਚਾਣ ਨਹੀਂ ਕਰਦਾ, ਉਸ ਦਾ ਸੁਭਾਅ ਮੌਤ ਦੇਣਾ ਹੈ। ਕਵੀ ਵਰਤਮਾਨ ਪ੍ਰਸਥਿਤੀਆਂ ਵਿੱਚ ਹਥਿਆਰਾਂ ਦੇ ਵਿਰੋਧ ਅਤੇ ਵਿਚਾਰਾਂ ਦੇ ਹੱਕ ਵਿੱਚ ਫਤਵਾ ਦਿੰਦਾ ਹੈ। ਵਿਦਵਾਨਾਂ ਨੇ ਹਰ ਯੁੱਗ ਵਿੱਚ ਹੀ ਮਨੁੱਖਤਾ ਦੀ ਭਲਾਈ ਤੇ ਵਿਕਾਸ ਲਈ ਵਿਚਾਰ ਦਿੱਤੇ ਹਨ। ਵਿਚਾਰਾਂ ਨੇ ਮਨੁੱਖ ਦੀ ਚੇਤਨਾ ਨੂੰ ਚਿੰਤਨਸ਼ੀਲ ਸਰੂਪ ਦਿੱਤਾ। ਵਿਚਾਰ ਸਰੀਰ ਦੀ ਮੌਤ ਤੋਂ ਬਾਅਦ ਵੀ ਕਾਇਮ ਰਹਿੰਦੇ ਹਨ ਤੇ ਮਨੁੱਖਤਾ ਦਾ ਮਾਰਗ-ਦਰਸ਼ਨ ਕਰਦੇ ਹਨ :

ਸਰੀਰ ਜ

5-March-Sunday.qxd 3/4/2023 10:07 PM Page 6

ਜਸਵੰਤ ਰਾਜ ਦੀ ਯਾਦ ਵਿੱਚ ਸਮਾਗਮ

ਸਿਰਸਾ : ਰਾਣੀਆ ਦੇ ਰਾਜ ਪੈਲੇਸ ਵਿਖੇ ਲੋਕ ਹਿੱਤਾਂ ਨੂੰ ਪ੍ਰਣਾਏ ਕਾਮਰੇਡ ਜਸਵੰਤ ਸਿੰਘ ਰਾਜ ਦੀ ਯਾਦ ਵਿੱਚ ਸਾਹਿਤਕ, ਸਮਾਜਿਕ ਅਤੇ ਸੱਭਿਆਚਾਰਕ ਸਮਾਗਮ ਮੁੱਖ ਪ੍ਰਬੰਧਕ ਕਾਮਰੇਡ ਹਰਦੇਵ ਸਿੰਘ ਵਿਰਕ (ਕੈਨੇਡਾ) ਦੀ ਦੇਖ-ਰੇਖ ਵਿੱਚ ਕਰਵਾਇਆ ਗਿਆ। ਇਸ ਪ੍ਰੋਗਰਾਮ ਵਿੱਚ ਵਿਚਾਰ ਗੋਸ਼ਟੀ ਦੌਰਾਨ ਉੱਘੇ ਮਾਰਕਸਵਾਦੀ ਚਿੰਤਕ ਕਾਮਰੇਡ ਸੁਵਰਨ ਸਿੰਘ ਵਿਰਕ ਅਤੇ ਮਲਕੀਤ ਸਿੰਘ ਖੋਸਾ ਨੇ ਕਾਮਰੇਡ ਜਸਵੰਤ ਸਿੰਘ ਰਾਜ ਦੇ ਜੀਵਨ ਅਤੇ ਵਿਚਾਰਧਾਰਾ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਆਖਿਆ ਕਿ ਅਜੋਕੇ ਸਮੇਂ ਦੌਰਾਨ ਜਸਵੰਤ ਸਿੰਘ ਰਾਜ ਵਰਗੇ ਸੁਲਝੇ ਲੋਕਾਂ ਦੇ ਵਿਚਾਰਾਂ ਦੀ ਜ਼ਰੂਰਤ ਹੋਰ ਵੀ ਵਧ ਗਈ ਹੈ। ਡਾ: ਸੁਰਜੀਤ ਪਾਤਰ ਵੱਲੋਂ ਆਪਣੇ ਸ਼ਾਇਰਾਨਾ ਅੰਦਾਜ਼ ਵਿੱਚ ਗੁਰੂ ਨਾਨਕ ਵਿਚਾਰਧਾਰਾ ਅਤੇ ਸਮਕਾਲ ਵਿਸ਼ੇ 'ਤੇ ਵਿਸਥਾਰ-ਪੂਰਵਕ ਪਰਚਾ ਪੜ੍ਹਿਆ ਗਿਆ। ਉਨ੍ਹਾਂ ਗੁਰੂ ਨਾਨਕ ਦੀਆਂ ਸਿੱਧਾਂ ਨਾਲ ਗੋਸ਼ਟੀਆਂ 'ਤੇ ਚਾਨਣਾ ਪਾਉਂਦੇ ਕਿਹਾ ਕਿ ਸੰਸਾਰ ਵਿਚ ਸੰਵਾਦ ਹੀ ਅਜਿਹਾ ਹਥਿਆਰ ਹੈ, ਜਿਸ ਨਾਲ ਵੱਡੇ-ਵੱਡੇ ਅਤੇ ਗੁੰਝਲਦਾਰ ਮਸਲਿਆਂ ਨੂੰ ਹੱਲ ਕੀਤਾ ਜਾ ਸਕਦਾ ਹੈ। ਗੁਰੂ ਨਾਨਕ ਦੇਵ ਦੇ ਵਿੱਦਿਅਕ ਚਾਨਣ ਅਤੇ ਸਰਵ ਸਾਂਝੀਵਾਲਤਾ ਦੇ ਉਪਦੇਸ਼ ਨੂੰ ਘਰ-ਘਰ ਤੱਕ ਪਹੁੰਚਾਉਣ ਦੀ ਲੋੜ ਹੈ। ਇਸ ਮੌਕੇ ਸੁਕੀਰਤ ਆਨੰਦ ਨੇ ਆਖਿਆ ਕਿ ਸਾਨੂੰ ਚੁਆਤੀਆਂ ਲਾਉਣ ਵਾਲੇ ਹੱਥਾਂ ਤੋਂ ਸੁਚੇਤ ਰਹਿਣ ਦੀ ਜ਼ਰੂਰਤ ਹੈ। ਜਸ ਮੰਡ ਨੇ ਕਿਹਾ ਕਿ ਨੌਜਵਾਨਾਂ ਨੂੰ ਹਮੇਸ਼ਾ ਕਿਤਾਬਾਂ ਨਾਲ ਜੁੜਨਾ ਚਾਹੀਦਾ ਹੈ। ਕਿਤਾਬਾਂ ਪੜ੍ਹਨ ਵਾਲੇ ਨੌਜਵਾਨ ਸਮਾਜਿਕ ਬੁਰਾਈਆਂ ਤੋਂ ਬਚਦੇ ਹਨ। ਸਮਾਗਮ ਦੌਰਾਨ ਕਵੀ ਦਰਬਾਰ ਵੀ ਹੋਇਆ, ਜਿਸ ਵਿੱਚ ਕਸ਼ਮੀਰ ਸਿੰਘ ਹਾਂਡਾ, ਪ੍ਰਗਟ ਸਿੰਘ ਜਠੌਲ, ਮਾਸਟਰ ਕੁਲਦੀਪ ਸਿੰਘ, ਪ੍ਰੋ. ਹਰਭਗਵਾਨ ਚਾਵਲਾ, ਜੋਗਿੰਦਰ ਸਿੰਘ ਮੁਕਤਾ, ਮਾਸਟਰ ਮੁਖਤਿਆਰ ਸਿੰਘ, ਸੁਭਾਸ਼ ਸਲੂਜਾ, ਸੁਰਜੀਤ ਸਿੰਘ ਸਿਰੜੀ ਆਦਿ ਕਵੀਆਂ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਸੰਗੀਤਕ ਮਹਿਫ਼ਲ ਵਿੱਚ ਮਨਰਾਜ ਪਾਤਰ ਦੀ ਸ਼ਾਇਰੀ ਨੇ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ। ਮਨਰਾਜ ਪਾਤਰ ਵੱਲੋਂ 'ਅੱਜ ਮੇਰੇ ਕੋਲੋਂ ਕੱਚ ਦਾ ਗਿਲਾਸ ਟੁੱਟਿਆ, ਨੀ ਮੈਨੂੰ ਅੰਮੜੀ ਨੇ ਦਿੱਤੀਆਂ ਲੱਖ ਝਿੜਕਾਂ' ਉੱਚ ਪਾਏ ਦੀਆਂ ਸਾਹਿਤਕ ਰਚਨਾਵਾਂ ਨੂੰ ਦਰਸ਼ਕਾਂ ਵੱਲੋਂ ਭਰਪੂਰ ਸਲਾਹਿਆ ਗਿਆ।

'ਜਗਦਾ ਰਹੀਂ ਵੇ ਦੀਵਿਆ' ਉਪਰ ਵਿਚਾਰ-ਚਰਚਾ

ਸਰੀ-ਵੈਨਕੂਵਰ ਵਿਚਾਰ ਮੰਚ ਵੱਲੋਂ ਪਾਲ ਢਿੱਲੋਂ ਦਾ ਨਵਾਂ ਗਜ਼ਲ ਸੰਗ੍ਰਹਿ 'ਜਗਦਾ ਰਹੀਂ ਵੇ ਦੀਵਿਆ' ਰਿਲੀਜ਼ ਕਰਨ ਅਤੇ ਇਸ ਉਪਰ ਵਿਚਾਰ-ਚਰਚਾ ਕਰਨ ਲਈ ਸਮਾਗਮ ਕਰਵਾਇਆ ਗਿਆ। ਜਰਨੈਲ ਆਰਟ ਗੈਲਰੀ ਤੇ ਗੁਰਦੀਪ ਆਰਟਸ ਅਕੈਡਮੀ ਸਰੀ ਦੇ ਸਹਿਯੋਗ ਨਾਲ ਕਰਵਾਏ ਗਏ ਇਸ ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਸਾਹਿਤਕਾਰ ਨਦੀਮ ਪਰਮਾਰ, ਜਰਨੈਲ ਸਿੰਘ ਆਰਟਿਸਟ, ਪਾਲ ਢਿੱਲੋਂ ਅਤੇ ਮੋਹਨ ਗਿੱਲ ਨੇ ਕੀਤੀ।

ਮੋਹਨ ਗਿੱਲ ਨੇ ਮੰਚ ਦਾ ਸੰਚਾਲਨ ਸੰਭਾਲਦਿਆਂ ਸਮਾਗਮ ਵਿਚ ਆਏ ਲੇਖਕਾਂ ਅਤੇ ਸਾਹਿਤ ਪ੍ਰੇਮੀਆਂ ਨੂੰ 'ਜੀ ਆਇਆਂ' ਕਿਹਾ ਅਤੇ ਪਾਲ ਢਿੱਲੋਂ ਦੀ ਕਾਵਿ ਕਲਾ ਬਾਰੇ ਸੰਖੇਪ ਵਿਚ ਜਾਣਕਾਰੀ ਦਿੱਤੀ। ਅੰਗਰੇਜ਼ ਬਰਾੜ ਨੇ ਵੈਨਕੂਵਰ ਵਿਚਾਰ ਮੰਚ ਦਾ ਮੰਤਵ ਸਭ ਨਾਲ ਸਾਂਝਾ ਕੀਤਾ ਅਤੇ ਨਦੀਮ ਪਰਮਾਰ ਵੱਲੋਂ ਲਿਖਿਆ ਪਰਚਾ ਪੜ੍ਹਿਆ। ਪ੍ਰੀਤ ਮਨਪ੍ਰੀਤ ਨੇ ਪਾਲ ਢਿੱਲੋਂ ਦੇ ਸ਼ਿਅਰਾਂ ਵਿੱਚ ਕੁਦਰਤ ਦੇ ਵਰਨਣ ਦੀ ਵਿਸ਼ੇਸ਼ ਤੌਰ 'ਤੇ ਸ਼ਲਾਘਾ ਕੀਤੀ। ਡਾ. ਪਿਰਥੀਪਾਲ ਸਿੰਘ ਸੋਹੀ ਨੇ ਕਿਹਾ ਕਿ ਅਜੋਕੇ ਮੰਡੀ ਕਲਚਰ ਨੇ ਆਮ ਬੰਦੇ ਨੂੰ ਵਸਤੂ ਬਣਾ ਦਿੱਤਾ ਹੈ ਅਤੇ ਪਾਲ ਢਿੱਲੋਂ ਨੇ ਆਪਣੀ ਸ਼ਾਇਰੀ ਰਾਹੀਂ ਇਸ ਮੰਡੀ ਕਲਚਰ ਬਾਰੇ ਬਾਖੂਬੀ ਬਿਆਨ ਕੀਤਾ ਹੈ।

ਨਦੀਮ ਪਰਮਾਰ ਨੇ ਗੀਤ ਲਿਖਣ ਤੋਂ ਗਜ਼ਲ ਰਚਨਾ ਵੱਲ ਆਏ ਪਾਲ ਢਿੱਲੋਂ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਸਾਰੀ ਮਿਹਨਤ ਤਾਂ ਪਾਲ ਢਿੱਲੋਂ ਦੀ ਹੈ, ਨਦੀਮ ਪਰਮਾਰ ਨੇ ਤਾਂ ਉਸ ਨੂੰ ਦਿਸ਼ਾ-ਨਿਰਦੇਸ਼ ਹੀ ਦਿੱਤਾ ਹੈ। ਡਾ. ਹਰਜੋਤ ਕੌਰ ਖਹਿਰਾ ਨੇ ਪਾਲ ਢਿੱਲੋਂ ਨੂੰ ਅੱਜ ਦਾ ਕਵੀ ਦੱਸਦਿਆਂ ਕਿਹਾ ਕਿ ਉਸ ਦੀ ਵੱਡੀ ਖੂਬੀ ਹੈ ਕਿ ਉਹ ਆਪਣੀ ਗੱਲ ਸਪੱਸ਼ਟ ਕਰਦਾ ਹੈ। ਕਵਿੰਦਰ ਚਾਂਦ ਨੇ ਸ਼ਿਕਵਾ ਜ਼ਾਹਰ ਕੀਤਾ ਕਿ ਪਾਲ ਢਿੱਲੋਂ ਨੇ ਪਿੰਡਾਂ ਵਿੱਚ ਇੱਕ ਪਾਸੇ ਵਸਦੇ ਵਿਹੜੇ ਦੇ ਲੋਕਾਂ ਦਾ ਜ਼ਿਕਰ ਆਪਣੇ ਸ਼ਿਅਰਾਂ ਵਿੱਚ ਨਹੀਂ ਕੀਤਾ।

ਪੁਸਤਕ ਉੱਪਰ ਦਵਿੰਦਰ ਗੌਤਮ, ਨਰਿੰਦਰ ਬਾਹੀਆ, ਅਮਰੀਕ ਪਲਾਹੀ, ਮਹਿੰਦਰਪਾਲ ਪਾਲ ਅਤੇ ਖੁਸ਼ਹਾਲ ਗਲੋਟੀ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਪਾਲ ਢਿੱਲੋਂ ਨੇ ਜਿੱਥੇ ਸਭਨਾਂ ਦਾ ਸੁਆਗਤ ਕੀਤਾ ਅਤੇ ਵਡਮੁੱਲੇ ਵਿਚਾਰ ਰੱਖਣ ਲਈ ਧੰਨਵਾਦ ਕੀਤਾ, ਉਥੇ ਉਸ ਨੇ ਆਪਣੇ ਪਰਵਾਰ ਦੇ ਅਗਲੀ ਪੀੜ੍ਹੀ ਦੇ ਬੱਚਿਆਂ ਵੱਲੋਂ ਸਮਾਗਮ ਵਿਚ ਸ਼ਾਮਲ ਹੋਣ 'ਤੇ ਵਿਸ਼ੇਸ਼ ਖੁਸ਼ੀ ਪ੍ਰਗਟ ਕੀਤੀ। ਉਸ ਨੇ ਆਪਣੀ ਪੁਸਤਕ ਵਿੱਚੋਂ ਕੁਝ ਗਜ਼ਲਾਂ ਵੀ ਸਰੋਤਿਆਂ ਨਾਲ ਸਾਂਝੀਆਂ ਕੀਤੀਆਂ।

—ਹਰਦਮ ਮਾਨ

ਸਾਹਿਤ ਸਭਾ ਦਾ ਸਾਲਾਨਾ ਸਮਾਗਮ 12 ਮਾਰਚ ਨੂੰ

ਜ਼ੀਰਾ : ਸਾਹਿਤ ਸਭਾ ਜ਼ੀਰਾ ਦੀ ਮਹੀਨਾਵਾਰ ਮੀਟਿੰਗ ਸਭਾ ਦੇ ਪ੍ਰਧਾਨ ਗੁਰਚਰਨ ਸਿੰਘ ਨੂਰਪੁਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਸਭਾ ਵੱਲੋਂ ਕਰਵਾਏ ਜਾ ਰਹੇ ਸਾਲਾਨਾ ਸਮਾਗਮ ਸੰਬੰਧੀ ਵਿਚਾਰਾਂ ਹੋਈਆਂ। ਇਸ ਸਮਾਗਮ ਦੇ ਮੁੱਖ ਬੁਲਾਰੇ ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ ਹੋਣਗੇ ਅਤੇ ਸਮਾਗਮ ਦੌਰਾਨ ਕਿਤਾਬਾਂ ਦੇ ਸਟਾਲ ਅਤੇ ਕਲਾ ਕ੍ਰਿਤੀਆਂ ਦੀਆਂ ਪ੍ਰਦਰਸ਼ਨੀਆਂ ਵੇਖਣਯੋਗ ਹੋਣਗੀਆਂ। ਸਭਾ ਵਿੱਚ ਰਚਨਾਵਾਂ ਦੇ ਦੌਰ ਵਿੱਚ ਲੈਕ: ਨਰਿੰਦਰ ਸਿੰਘ ਵੱਲੋਂ ਜੀਵਨ ਸੰਬੰਧੀ ਨਿਬੰਧ ਪੜ੍ਹ ਕੇ ਸੁਣਾਇਆ। ਸੁਖਰਾਜ ਜ਼ੀਰਾ ਨੇ ਕਵਿਤਾ 'ਹੱਸਦਾ ਚਿਹਰਾ', ਬਲਦੇਵ ਸਿੰਘ ਜ਼ੀਰਾ ਨੇ ਕਵਿਤਾ "ਹੋਲੀ", ਹਰੀਦਾਸ ਚੌਹਾਨ ਨੇ 'ਤਰਕ ਦੀ ਗੱਲ ਕਰੋ', ਹਰੀ ਸਿੰਘ ਸੰਧੂ ਨੇ ਕਵਿਤਾ 'ਔਰਤ ਦਾ ਸਤਿਕਾਰ ਕਰੋ' ਅਤੇ ਗੁਰਪ੍ਰਕਾਸ਼ ਗਾਸ਼ਾ ਨੇ ਗੀਤ 'ਚੰਦਰੀ ਚਾਹ' ਸੁਣਾ ਕੇ ਹਾਜ਼ਰੀ ਲਵਾਈ। ਗਾਇਕ ਪਠਾਣ ਹੀਰਾ ਨੇ ਗੀਤ 'ਬਚਪਨ', ਬਲਜੀਤ ਬਾਦਸ਼ਾਹ ਨੇ ਗੀਤ 'ਪੇਂਡੂ ਮੁੰਡਾ', ਜੀਵਨ ਸਿੰਘ ਹਾਣੀ ਅਤੇ ਸਤਿਪਾਲ ਖੁੱਲਰ ਨੇ ਆਪਣੀਆਂ ਨਵੀਆਂ ਗਜ਼ਲਾਂ ਪੜ੍ਹੀਆਂ। ਸੁਰਿੰਦਰ ਕੁਮਾਰ ਵੱਲੋਂ ਕਵਿਤਾ 'ਜੰਮ ਗਈ ਧੂੜ ਕਿਤਾਬਾਂ ਉੱਤੇ', ਪਰਮਜੀਤ ਵਿਦਿਆਰਥੀ ਵੱਲੋਂ ਮਹਿੰਦਰ ਸਾਥੀ ਦੀ ਗਜ਼ਲ ਮਸ਼ਾਲਾਂ ਬਾਲ ਕੇ ਚੱਲਣਾ ਪੜ੍ਹੀ। ਇਸ ਤੋਂ ਇਲਾਵਾ ਸਾਹਿਤਕਾਰ ਹਰਦੀਪ ਸਿੰਘ ਸ਼ੇਰਗਿਲ ਨੇ ਸਾਹਿਤ ਸੰਬੰਧੀ ਅਤੇ ਹਰਪਾਲ ਸਿੰਘ ਪੰਡੋਰੀ ਨੇ ਵਾਤਾਵਰਨ ਸੰਬੰਧੀ ਆਪਣੇ ਵਿਚਾਰ ਪੇਸ਼ ਕੀਤੇ।

ਇਪਟਾ ਦੀ ਸੂਬਾਈ ਕਾਨਫਰੰਸ

ਮੋਗਾ-ਅੱਠ ਦਹਾਕੇ ਪਹਿਲਾਂ ਰੰਗਮੰਚ ਅਤੇ ਨਿਰੋਏ ਸੱਭਿਆਚਾਰ ਦੀ ਬੇਹਤਰੀ ਲਈ ਪ੍ਰਿਥਵੀ ਰਾਜ ਕਪੂਰ, ਬਲਰਾਜ ਸਾਹਨੀ, ਨਰਗਿਸ ਦੱਤ, ਏ ਕੇ ਹੰਗਲ, ਉਤਪਲ ਦੱਤ, ਦੁਰਗਾ ਖੋਟੇ, ਕੈਫ਼ੀ ਆਜ਼ਮੀ ਸਮੇਤ ਅਨੇਕਾਂ ਫਿਲਮਾਂ ਅਤੇ ਰੰਗਮੰਚ ਦੀਆਂ ਚਰਚਿਤ ਸ਼ਖਸੀਅਤਾਂ ਦੇ ਸੁਹਿਰਦ ਯਤਨਾ ਨਾਲ ਹੋਂਦ ਵਿਚ ਆਈ ਇਪਟਾ (ਇੰਡੀਅਨ ਪੀਪਲਜ਼ ਥੀਏਟਰ) ਦੀ ਪੰਜਾਬ ਇਕਾਈ ਦੀ ਇਪਟਾ ਦੇ ਮੁੱਢਲੇ ਕਾਰਕੁਨ ਲੋਕ ਗਾਇਕ ਅਮਰਜੀਤ ਗੁਰਦਾਸਪੁਰੀ ਨੂੰ ਸਮਰਪਿਤ ਇਪਟਾ ਪੰਜਾਬ ਦੀ 10ਵੀਂ ਸੂਬਾ ਕਾਨਫਰੰਸ ਇਪਟਾ ਮੋਗਾ ਦੇ ਸਹਿਯੋਗ ਨਾਲ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਸਫਲਤਾਪੂਰਵਕ ਨੇਪਰੇ ਚੜ੍ਹੀ, ਜਿਸ ਦਾ ਆਗਾਜ਼ ਇਪਟਾ ਦੇ ਬਜ਼ੁਰਗ ਕਾਰਕੁਨ ਰੰਗਕਰਮੀ ਜੁਗਿੰਦਰ ਸਿੰਘ ਨਾਹਰ ਨੇ ਝੰਡਾ ਲਹਿਰਾਉਣ ਦੀ ਰਸਮ ਨਾਲ ਕੀਤਾ। ਇਸ ਤੋਂ ਤੁਰੰਤ ਬਾਅਦ ਇਪਟਾ ਕਾਰਕੁਨਾਂ ਨੇ 'ਦਹਿਕਦੇ ਅੰਗਿਆਰਿਆਂ 'ਤੇ ਸੌਂਦੇ ਰਹੇ ਨੇ ਲੋਕ' ਗੀਤ ਪੇਸ਼ ਕੀਤਾ।

'ਇਪਟਾ ਅਤੇ ਅਮਰਜੀਤ ਗੁਰਦਾਸਪੁਰੀ' ਬਾਰੇ ਗੱਲਬਾਤ ਦੌਰਾਨ ਨਾਟ-ਕਰਮੀ ਅਤੇ ਅਲੋਚਕ ਡਾ. ਕੁਲਦੀਪ ਸਿੰਘ ਦੀਪ ਨੇ ਕਿਹਾ, 'ਇਪਟਾ ਬਿਨਾਂ ਅਮਰਜੀਤ ਗੁਰਦਾਪੁਰੀ ਅਤੇ ਅਮਰਜੀਤ ਗੁਰਦਾਪੁਰੀ ਬਿਨਾਂ ਇਪਟਾ ਅਧੂਰੇ ਹਨ। ਖਾਂਦੇ-ਪੀਂਦੇ ਖੁਸ਼ਹਾਲ ਪਰਵਾਰ ਵਿਚ ਪੈਦਾ ਹੋ ਕੇ ਅਮਰਜੀਤ ਗੁਰਦਾਸਪੁਰੀ ਸਾਰੀ ਉਮਰ ਦੱਬੇ-ਕੁਚਲੇ ਤੇ ਸ਼ੋਸ਼ਿਤ ਵਰਗ ਨਾਲ ਖੜੇ ਰਹੇ।' ਇਪਟਾ ਦੇ ਸਾਬਕਾ ਰੰਗਕਰਮੀ ਅਤੇ ਮੌਜੂਦਾ ਲੋਕ ਨੇਤਾ ਹਰਦੇਵ ਅਰਸ਼ੀ ਨੇ ਇਪਟਾ ਨਾਲ ਬਿਤਾਏ ਪਲ ਸਾਂਝੇ ਕੀਤੇ। ਏਟਕ ਦੇ ਸੂਬਾ ਪ੍ਰਧਾਨ ਬੰਤ ਸਿੰਘ ਬਰਾੜ ਨੇ ਕਿਹਾ, 'ਅਜ਼ਾਦੀ ਤੋਂ ਪਹਿਲਾਂ ਹੋਂਦ ਵਿਚ ਆਈ ਇਪਟਾ ਦੀ ਪ੍ਰਸੰਗਿਕਤਾ ਅੱਜ ਦੇ ਸਾਹ ਘੁਟਵੇਂ ਮਾਹੌਲ ਵਿਚ ਹੋਰ ਵੀ ਵਧੇਰੇ ਹੈ।' ਇਸ ਮੌਕੇ ਜੁਗਿੰਦਰ ਸਿੰਘ ਨਾਹਰ ਦੀਆਂ ਇਪਟਾ ਅਤੇ ਰੰਗਮੰਚ ਦੇ ਖੇਤਰ ਵਿਚ ਲੰਮਾ ਸਮਾਂ ਸਰਗਰਮੀਆਂ ਨੂੰ ਧਿਆਨ ਵਿਚ ਰੱਖਦੇ ਹੋਏ ਉਹਨਾ ਨੂੰ ਲੋਈ ਅਤੇ ਯਾਦ-ਚਿੰਨ੍ਹ ਨਾਲ ਸਨਮਾਨਤ ਕੀਤਾ ਗਿਆ। ਸੰਜੀਵਨ ਸਿੰਘ ਨੇ ਕਿਹਾ, 'ਕਲਾ ਕਲਾ ਲਈ ਨਹੀਂ, ਕਲਾ ਲੋਕਾਂ ਲਈ ਦੇ ਸਿਧਾਂਤ ਨੂੰ ਪ੍ਰਣਾਈ ਹੋਏ ਦੇਸ਼ ਭਰ ਦੇ ਇਪਟਾ ਕਾਰਕੁਨ ਰੰਗਮੰਚੀ ਅਤੇ ਨਿਰੋਏ ਸੱਭਿਆਚਾਰ ਦੇ ਪੱਖ ਵਿਚ ਸਰਗਰਮ ਹੋਣ ਦੇ ਨਾਲ ਹੀ ਲੋਕ ਸੰਘਰਸ਼ਾਂ ਵਿਚ ਵੀ ਆਪਣੀ ਸ਼ਮੂਲੀਅਤ ਕਰਦੇ ਹਨ।'

—ਰਾਬਿੰਦਰ ਸਿੰਘ ਰੱਬੀ

ਲਿਖਾਰੀ ਸਭਾ ਦਾ ਸਾਲਾਨਾ ਸਮਾਗਮ

ਬੁਆਣੀ—ਪੰਜਾਬ ਦੀ ਸਭ ਤੋਂ ਪੁਰਾਣੀ (7 ਅਗਸਤ 1953 ਨੂੰ ਸਥਾਪਤ ਹੋਈ) ਪੇਂਡੂ ਪੰਜਾਬੀ ਲਿਖਾਰੀ ਸਭਾ (ਰਜਿ.) ਰਾਮਪੁਰ ਵੱਲੋਂ ਪਿਛਲੇ ਸਾਲਾਂ ਦੀ ਤਰ੍ਹਾਂ 70ਵੇਂ ਵਰ੍ਹੇ ਦਾ ਸਾਲਾਨਾ ਸਮਾਗਮ 'ਮਾਂ ਬੋਲੀ ਦਿਵਸ' ਨੂੰ ਸਮਰਪਿਤ ਕਰਵਾਇਆ ਗਿਆ। ਇਸ ਦੀ ਪ੍ਰਧਾਨਗੀ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਕੀਤੀ। ਉਨ੍ਹਾ ਨਾਲ ਪ੍ਰਧਾਨਗੀ ਮੰਡਲ ਵਿਚ ਸੁਰਿੰਦਰ ਰਾਮਪੁਰੀ, ਜਸਵੀਰ ਝੱਜ ਅਤੇ ਅਲਬੇਲ ਸਿੰਘ ਮਾਂਗਟ ਸ਼ਾਮਲ ਹੋਏ। ਜਸਵੀਰ ਝੱਜ ਨੇ ਹਾਜ਼ਰੀਨ ਨੂੰ ਜੀ ਆਇਆਂ ਕਿਹਾ ਅਤੇ ਸੁਰਿੰਦਰ ਰਾਮਪੁਰੀ ਨੇ 1988 ਤੋਂ ਦਿੱਤੇ ਜਾ ਰਹੇ ਸਨਮਾਨਾਂ ਬਾਰੇ ਜਾਣਕਾਰੀ ਦਿੱਤੀ। ਇਸ ਸਾਲਾਨਾ ਸਨਮਾਨ ਸਮਾਗਮ ਸਮੇਂ ਗੀਤਕਾਰ ਤੇ ਗਾਇਕ ਬਲਬੀਰ ਭੀਰਾ ਰਾਮਪੁਰੀ (ਕੈਨੇਡਾ) ਦਾ ਸਨਮਾਨ ਪੱਤਰ ਸੁਰਿੰਦਰ ਰਾਮਪੁਰੀ ਨੇ ਪੜ੍ਹਿਆ ਤੇ ਉਨ੍ਹਾ ਨੂੰ ਲਾਭ ਸਿੰਘ ਚਾਤ੍ਰਿਕ ਯਾਦਗਾਰੀ ਸਨਮਾਨ ਪ੍ਰਦਾਨ ਕੀਤਾ ਗਿਆ। ਉੱਘੇ ਗ਼ਜ਼ਲਗੋ ਜਗਤਾਰ ਸੇਖਾ ਦਾ ਸਨਮਾਨ ਪੱਤਰ ਅਨਿਲ ਫਤਿਹਗੜ੍ਹ ਜੱਟਾਂ ਨੇ ਪੜ੍ਹਿਆ ਤੇ ਉਨ੍ਹਾ ਨੂੰ ਜਸਵੰਤ ਧਮੋਟ ਯਾਦਗਾਰੀ ਸਨਮਾਨ ਪ੍ਰਦਾਨ ਕੀਤਾ ਗਿਆ। ਡਾ. ਅਰਵਿੰਦਰ ਕੌਰ ਕਾਕੜਾ ਦਾ ਸਨਮਾਨ ਤਰਨਜੀਤ ਕੌਰ ਗਰੇਵਾਲ ਨੇ ਪੜ੍ਹਿਆ ਤੇ ਉਨ੍ਹਾ ਨੂੰ ਕਾਮਰੇਡ ਰਣਧੀਰ ਸਿੰਘ ਯਾਦਗਾਰੀ ਸਨਮਾਨ ਪ੍ਰਦਾਨ ਕੀਤਾ ਗਿਆ।

ਹਰ ਇੱਕ ਸਨਮਾਨ ਵਿਚ ਇਕੱਤੀ ਸੌ ਰੁਪਏ ਦੀ ਨਗਦ ਰਾਸ਼ੀ, ਸਨਮਾਨ ਚਿੰਨ੍ਹ ਅਤੇ ਲੋਈ ਭੇਟ ਕੀਤੇ ਗਏ। ਡਾ. ਪੰਧੇਰ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿਚ ਕਿਹਾ ਕਿ ਲੋਕ ਹਿੱਤ ਲਈ ਪ੍ਰਣਾਈ ਹੋਈ ਪੰਜਾਬੀ ਲਿਖਾਰੀ ਸਭਾ ਰਾਮਪੁਰ ਦਾ ਸ਼ਾਨਮੱਤਾ ਇਤਿਹਾਸ ਹੈ। ਮਾਂ ਬੋਲੀ ਦੇ ਨਾਲ-ਨਾਲ ਸਰਕਾਰੀ ਸਕੂਲ ਬਚਾਉਣੇ ਵੀ ਅਤਿ ਜ਼ਰੂਰੀ ਹਨ। ਦੂਸਰੇ ਦੌਰ ਵਿਚ ਸ. ਨਸੀਮ (ਮਾਛੀਵਾੜਾ), ਗੁਰਸੇਵਕ ਸਿੰਘ ਢਿੱਲੋਂ (ਭੈਣੀ ਸਾਹਿਬ), ਡਾ. ਅਰਵਿੰਦਰ ਕੌਰ ਕਾਕੜਾ (ਪਟਿਆਲਾ), ਭੁਪਿੰਦਰ ਸਿੰਘ ਚੌਕੀਮਾਨ, ਹਰਦੀਪ ਗਿੱਲ (ਕਰਾਲੀ), ਲਾਭ ਸਿੰਘ ਬੇਗੋਵਾਲ ਤੇ ਬਲਵੰਤ ਮਾਂਗਟ ਦੀ ਪ੍ਰਧਾਨਗੀ ਹੇਠ ਹੋਏ ਕਵੀ ਦਰਬਾਰ ਵਿਚ ਕੁਲਵਿੰਦਰ ਕਿਰਨ, ਸੁਰਿੰਦਰਪਾਲ ਕੌਰ ਪਰਮਾਰ, ਤਰਨਜੀਤ ਕੌਰ ਗਰੇਵਾਲ, ਸਿਮਰਨਦੀਪ ਕੌਰ ਅਹਿਲਾਵਤ, ਕੁਲਵਿੰਦਰ ਖੈਰਾਬਾਦ (ਰੋਪੜ), ਮਨਜੀਤ ਘਣਗਸ, ਸਰਦਾਰ ਪੰਛੀ, ਲਖਵੀਰ ਲੱਭਾ, ਪਰਮਿੰਦਰ ਅਲਬੇਲਾ, ਭਗਵੰਤ ਲਿੱਟ, ਵਿਸ਼ਵਿੰਦਰ ਵਸ਼ਿਸ਼ਟ, ਪ੍ਰਭਜੋਤ ਰਾਮਪੁਰ, ਬਲਬੀਰ ਸਿੰਘ ਬੱਬੀ, ਗੁਰੀ ਤੁਰਮਰੀ, ਜਿੰਮੀ ਅਹਿਮਦਗੜ੍ਹ, ਕੇਵਲ ਮੰਜਾਲੀ ਆਦਿ ਹਾਜ਼ਰ 61 ਸ਼ਾਇਰ ਨੇ ਆਪਣੀਆਂ ਰਚਨਾਵਾਂ ਪੇਸ਼ ਕੀਤੀਆਂ। ਸਮਾਗਮ ਦੀ ਮੰਚ ਸੰਚਾਲਨਾ ਹਰਬੰਸ ਮਾਲਵਾ ਅਤੇ ਨੀਤੂ ਰਾਮਪੁਰ ਨੇ ਭਾਵਪੂਰਤ ਅੰਦਾਜ਼ ਵਿਚ ਕੀਤੀ।

—ਜਸਵੀਰ ਝੱਜ

ਛੇਵੀਂ ਕੇਸਰ ਸਿੰਘ ਵਾਲਾ ਕਹਾਣੀ ਗੋਸ਼ਟੀ 11 ਤੇ 12 ਨੂੰ

ਬਠਿੰਡਾ-ਪਿੰਡ ਨਵਾਂ ਕੇਸਰ ਸਿੰਘ ਵਾਲਾ ਨੇੜੇ ਭਗਤਾ ਭਾਈਕਾ, ਜ਼ਿਲ੍ਹਾ ਬਠਿੰਡਾ ਵਿਖੇ ਇਸ ਵਾਰ ਕਹਾਣੀਕਾਰ ਅਗਾਜਬੀਰ, ਅਮਰਜੀਤ ਮਾਨ, ਇਲਿਆਸ ਘੁੰਮਣ, ਡਿੰਪਲ ਅਣਜਾਣ, ਨਿਰੰਜਣ ਬੋਹਾ ਆਪਣੀਆਂ ਨਵੀਆਂ ਲਿਖੀਆਂ ਕਹਾਣੀਆਂ ਪੜ੍ਹਨਗੇ। ਇਨ੍ਹਾਂ ਕਹਾਣੀਆਂ ਉਪਰ ਬਹਿਸ ਦਾ ਆਗਾਜ਼ ਕ੍ਰਮਵਾਰ ਗੁਰਦੀਪ ਸਿੰਘ ਢਿੱਲੋਂ, ਪਰਗਟ ਸਿੰਘ ਬਰਾੜ, ਰਵਿੰਦਰ ਸੰਧੂ, ਸੁਖਜਿੰਦਰ ਸਿੰਘ ਅਤੇ ਬਲਵਿੰਦਰ ਚਾਹਲ ਕਰਨਗੇ। ਇਹ ਕਹਾਣੀ ਗੋਸ਼ਟ

DUMMY-EIRST PAGE-AJIT.qxd 3/4/2023 10:18 PM Page 1

ਐਤਵਾਰ, 5 ਮਾਰਚ, 2023
21 ਫੱਗਣ { ਨਾਨਕਸ਼ਾਹੀ 554 / ਬਿਕਰਮੀ 2079
ਜਿਲਦ/VOL. : 71
ਅੰਕ/NO. : 274

ਨਵਾਂ ਜ਼ਮਾਨਾ

DAILY NAWAN ZAMANA • SUNDAY, 5 MARCH, 2023
ਜਲੰਧਰ
nawan zamana TV

ਕੀਮਤ/PRICE : 5.00 ਰੁਪਏ | Regd. No : Pb/JL-123/2021-23, (R.N.I.)-00068/57 | E-mail : nawanzamana@gmail.com | www.nawanzamana.in | ਸਫ਼ੇ : 14

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

ਪੁੱਛ-ਗਿੱਛ (ਰਿਸੈਪਸ਼ਨ)	0181-5097300
ਇਸ਼ਤਿਹਾਰ ਵਿਭਾਗ	0181-5097302
ਸਾਹਿਤ ਸੰਪਾਦਕ (ਐਤਵਾਰਤਾ)	0181-5097305
ਕੰਪਿਊਟਰ ਰੂਮ	0181-5097310
ਵੈੱਬ ਟੀ ਵੀ	0181-5133160

ਪੰਜਾਬ ਨੂੰ ਫਿਰਕੂ ਅੱਗ ਦੀ ਭੱਠੀ ਨਹੀਂ ਬਣਨ ਦਿਆਂਗੇ : ਮਾਨ

ਚੰਡੀਗੜ੍ਹ (ਗੁਰਜੀਤ ਬਿੱਲਾ)- ਪੰਜਾਬ ਦੀ ਕਾਨੂੰਨ ਵਿਵਸਥਾ ਨੂੰ ਲੈ ਕੇ ਵਿਰੋਧੀਆਂ ਵੱਲੋਂ ਚੁੱਕੇ ਜਾ ਰਹੇ ਸਵਾਲਾਂ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਮੋੜਵਾਂ ਜਵਾਬ ਦਿੱਤਾ। ਮੁੱਖ ਮੰਤਰੀ ਨੇ ਵਿਰੋਧੀਆਂ ਨੂੰ ਜਵਾਬ ਦਿੰਦਿਆਂ ਕਿਹਾ ਕਿ ਉਹ ਪੰਜਾਬ ਦਾ ਮਾਹੌਲ ਖਰਾਬ ਕਰਨਾ ਚਾਹੁੰਦੇ ਹਨ ਅਤੇ ਉਨ੍ਹਾ ਦੀ ਪਾਰਟੀ ਨੂੰ ਬਦਨਾਮ ਕਰਕੇ ਆਪਣੀਆਂ ਸਿਆਸੀ ਰੋਟੀਆਂ ਸੇਕਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ। ਉਨ੍ਹਾ ਕਿਹਾ ਕਿ ਕਿੰਨੀ ਸ਼ਰਮ ਦੀ ਗੱਲ ਹੈ ਕਿ ਸੂਬਾ ਸਰਕਾਰ ਵਿਰੁੱਧ ਕੋਈ ਮੁੱਦਾ ਨਾ ਹੋਣ ਕਰਕੇ ਇਹ ਸਿਆਸੀ ਪਾਰਟੀਆਂ ਨੀਵੇਂ ਪੱਧਰ ਉੱਤੇ ਆ ਕੇ ਘਟੀਆ ਹੱਥਕੰਡੇ ਅਪਣਾ ਰਹੀਆਂ ਹਨ। ਮਾਨ ਨੇ ਕਿਹਾ ਕਿ ਸਿਆਸੀ ਲਾਹਾ ਖੱਟਣ ਲਈ ਵਿਰੋਧੀ ਧਿਰਾਂ ਫਿਰਕਾਪ੍ਰਸਤੀ ਨੂੰ ਤੂਲ ਦੇ ਕੇ ਅੱਗ ਨਾਲ ਖੇਡ ਰਹੀਆਂ ਹਨ। ਉਨ੍ਹਾਂ ਨੂੰ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਨ੍ਹਾਂ ਦਾ ਇਹ ਸੁਪਨਾ ਕਦੇ ਵੀ ਸਫਲ ਨਹੀਂ ਹੋਵੇਗਾ।

ਮੁੱਖ ਮੰਤਰੀ ਨੇ ਟਵੀਟ ਕੀਤਾ ਕਿ ਪੰਜਾਬ ਦੀ ਮੇਰੇ ਕੋਲ ਪਲ-ਪਲ ਦੀ ਜਾਣਕਾਰੀ ਹੈ। ਵਿਰੋਧੀਆਂ ਦਾ ਪੰਜਾਬ ਨੂੰ ਫਿਰਕੂ ਅੱਗ ਦਾ ਤੰਦੂਰ ਬਣਾ ਕੇ ਆਪਣੀਆਂ ਰੋਟੀਆਂ ਸੇਕਣ ਦਾ ਸੁਪਨਾ ਕਦੇ ਪੂਰਾ ਨਹੀਂ ਹੋਣ ਦਿੱਤਾ ਜਾਵੇਗਾ। ਪੰਜਾਬ ਦੇ 3 ਕਰੋੜ ਸ਼ਾਂਤੀਪਸੰਦ ਲੋਕਾਂ ਨੂੰ ਮੈਂ ਯਕੀਨ ਦਿਵਾਉਂਦਾ ਹਾਂ ਕਿ ਕਿਸੇ ਦੀ ਹਿੰਮਤ ਨਹੀਂ ਕਿ ਪੰਜਾਬ ਦੇ ਆਪਸੀ ਭਾਈਚਾਰੇ ਵੱਲ ਬੁਰੀ ਨਜ਼ਰ ਨਾਲ ਦੇਖੇ। ਉਨ੍ਹਾ ਕਿਹਾ ਕਿ ਪੰਜਾਬ ਮਹਾਨ ਗੁਰੂਆਂ, ਸੰਤਾਂ, ਪੀਰਾਂ ਅਤੇ ਪੈਗੰਬਰਾਂ ਦੀ ਧਰਤੀ ਹੈ, ਜਿਨ੍ਹਾਂ ਸਾਨੂੰ ਭਾਈਚਾਰਕ ਸਾਂਝ, ਸ਼ਾਂਤੀ ਅਤੇ ਭਾਈਚਾਰੇ ਦਾ ਮਾਰਗ ਦਿਖਾਇਆ ਹੈ। ਉਹਨਾ ਕਿਹਾ ਕਿ ਪੰਜਾਬੀਆਂ ਨੇ ਸੂਬੇ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਹਮੇਸ਼ਾ ਹੀ ਸਮਾਜ 'ਚ ਸ਼ਾਂਤੀ ਅਤੇ ਭਾਈਚਾਰਕ ਸਾਂਝ 'ਚ ਵਿਸ਼ਵਾਸ ਪ੍ਰਗਟਾਇਆ ਹੈ।

ਜ਼ਿਕਰਯੋਗ ਹੈ ਕਿ ਬੀਤੇ ਦਿਨੀਂ ਵਾਰਿਸ ਪੰਜਾਬ ਦੇ ਮੁਖੀ ਅੰਮ੍ਰਿਤਪਾਲ ਸਿੰਘ ਵੱਲੋਂ ਆਪਣੇ ਸਾਥੀ ਦੀ ਰਿਹਾਈ ਲਈ ਅਜਨਾਲਾ ਵਿਖੇ ਹੋਈ ਘਟਨਾਕ੍ਰਮ ਤੋਂ ਬਾਅਦ ਮਾਨ ਸਰਕਾਰ ਵਿਰੋਧੀਆਂ ਦੇ ਨਿਸ਼ਾਨੇ 'ਤੇ ਹੈ। ਵਿਰੋਧੀ ਪੰਜਾਬ ਵਿੱਚ ਕਾਨੂੰਨ ਵਿਵਸਥਾ ਨੂੰ ਲੈ ਕੇ ਸਵਾਲ ਚੁੱਕ ਰਹੇ ਹਨ, ਜਿਸ ਤੋਂ ਬਾਅਦ ਸ਼ਨੀਵਾਰ ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਦੀ ਅਮਨ-ਸ਼ਾਂਤੀ ਭੰਗ ਨਹੀਂ ਹੋਣ ਦਿੱਤੀ ਜਾਵੇਗੀ। ਐਂਟੀ ਟੈਰੇਰਿਸਟ ਫਰੰਟ ਆਫ ਇੰਡੀਆ ਦੇ ਪ੍ਰਧਾਨ ਵੀਰੇਸ਼ ਸ਼ਾਂਡਲਿਆ ਨੇ ਡੀ ਜੀ ਪੀ ਪੰਜਾਬ ਨੂੰ ਅੰਮ੍ਰਿਤਪਾਲ ਸਿੰਘ ਖਿਲਾਫ ਦੋ ਦਿਨਾਂ 'ਚ ਐੱਫ ਆਈ ਆਰ ਦਰਜ ਕਰਨ ਨੂੰ ਕਿਹਾ ਹੈ।

ਝੂਠੀਆਂ ਖ਼ਬਰਾਂ ਦਾ ਸ਼ਿਕਾਰ ਹੋ ਗਈ ਸਚਾਈ : ਚੰਦਰਚੂੜ

ਨਵੀਂ ਦਿੱਲੀ : ਭਾਰਤ ਦੇ ਚੀਫ਼ ਜਸਟਿਸ ਡੀ ਵਾਈ ਚੰਦਰਚੂੜ ਨੇ ਕਿਹਾ ਕਿ ਤਕਨੀਕ ਦਾ ਦੂਜਾ ਪੱਖ ਇਹ ਹੈ ਕਿ ਲੋਕਾਂ 'ਚ ਸਹਿਸ਼ੀਲਤਾ ਘਟ ਗਈ ਹੈ ਅਤੇ ਅੰਦਰ ਹੀ ਅੰਦਰ ਪੀਸੇ ਜਾ ਰਹੇ ਹਨ। ਝੂਠੀਆਂ ਖ਼ਬਰਾਂ ਦੇ ਦੌਰ 'ਚ ਸੱਚ ਹੀ ਸ਼ਿਕਾਰ ਹੋ ਗਿਆ ਹੈ। ਉਹ ਅਮਰੀਕਨ ਬਾਰ ਐਸੋਸੀਏਸ਼ਨ ਵੱਲੋਂ 'ਲਾ ਇਨ ਦਿ ਏਜ ਆਫ਼ ਗਲੋਬਲਾਈਜ਼ੇਸ਼ਨ ਕਾਨਫਰੰਸ ਆਫ਼ ਇੰਡੀਆ ਐਂਡ ਦਿ ਵੈੱਸਟ' ਵਿਸ਼ੇ 'ਤੇ ਇਕ ਸਮਾਗਮ 'ਚ ਬੋਲ ਰਹੇ ਸਨ। ਉਨ੍ਹਾ ਕਿਹਾ ਕਿ ਲੋਕਾਂ 'ਚ ਸਹਿਸ਼ੀਲਤਾ ਘੱਟ ਹੈ, ਕਿਉਂ ਉਹ ਆਪਣੇ ਵਿਚਾਰਾਂ ਨੂੰ ਸਵੀਕਾਰ ਕਰਨ ਨੂੰ ਤਿਆਰ ਨਹੀਂ ਹਨ। ਅੰਦਰ ਹੀ ਅੰਦਰ ਇਨਸਾਨੀਅਤ ਵੀ ਪਿੱਛੇ ਹਟ ਰਹੀ ਹੈ। ਇਹ ਸਭ ਕੁਝ ਨਵੀਆਂ-ਨਵੀਆਂ ਤਕਨੀਕਾਂ ਦੀ ਹੀ ਦੇਣ ਹੈ। ਝੂਠੀਆਂ ਖਬਰਾਂ ਦੇ ਦੌਰ 'ਚ ਸੱਚ ਹੀ ਸ਼ਿਕਾਰ ਹੋ ਗਿਆ ਹੈ। ਇੱਕ ਝੂਠੀ ਗੱਲ ਬੀਜ ਦੀ ਤਰ੍ਹਾਂ ਜ਼ਮੀਨ 'ਚ ਬੀਜੀ ਜਾਂਦੀ ਹੈ ਅਤੇ ਇਹ ਵੱਡੀ ਥਿਊਰੀ 'ਚ ਬਦਲ ਜਾਂਦੀ ਹੈ, ਜਿਸ ਨੂੰ ਤਰਕ ਦੇ ਅਧਾਰ 'ਤੇ ਤੋਲਿਆ ਨਹੀਂ ਜਾ ਸਕਦਾ। ਇਸ ਲਈ ਕਾਨੂੰਨ ਨੂੰ ਭਰੋਸੇ ਦੀ ਗਲੋਬਲ ਕਰੰਸੀ ਕਹਿੰਦੇ ਹਨ। ਇਸ ਦੌਰਾਨ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਵੀ ਮੌਜੂਦ ਸਨ। ਸੀ ਜੇ ਆਈ ਨੇ ਇਸ ਗੱਲ 'ਤੇ ਵੀ ਨਰਾਜ਼ਗੀ ਪ੍ਰਗਟ ਕੀਤੀ ਕਿ ਜਦ ਜੱਜ ਉਨ੍ਹਾ ਨਾਲ ਸਹਿਮਤ ਨਹੀਂ ਹੁੰਦੇ ਤਾਂ ਲੋਕ ਕਿੰਨੇ ਅਸਾਨੀ ਨਾਲ ਉਨ੍ਹਾਂ ਨੂੰ ਟਰੋਲ ਕਰ ਦਿੰਦੇ ਹਨ। ਉਨ੍ਹਾ ਕਿਹਾ ਕਿ ਟ੍ਰੋਲਿੰਗ ਉਦੋਂ ਆਉਂਦੀ ਹੈ, ਜਦ ਲੋਕ ਤੁਹਾਡੇ ਤੋਂ ਵੱਖਰੀ ਰਾਏ ਅਤੇ ਦ੍ਰਿਸ਼ਟੀਕੋਣ ਨੂੰ ਸਵੀਕਾਰ ਕਰਨ ਨੂੰ ਤਿਆਰ ਨਹੀਂ ਹੁੰਦੇ।

ਸੀ ਜੇ ਆਈ ਨੇ ਕਿਹਾ ਕਿ ਕਈ ਮਾਇਨਿਆਂ 'ਚ ਭਾਰਤੀ ਸੰਵਿਧਾਨ ਗਲੋਬਲਾਈਜ਼ੇਸ਼ਨ ਦੀ ਸਭ ਤੋਂ ਵੱਡੀ ਉਦਾਹਰਨ ਹੈ, ਉਹ ਵੀ ਉਸ ਸਮੇਂ, ਜਦ ਅਸੀਂ ਗਲੋਬਲਾਈਜ਼ੇਸ਼ਨ ਦੇ ਦੌਰ 'ਚ ਆਏ ਨਹੀਂ ਸਾਂ। ਜਦ ਸੰਵਿਧਾਨ ਦਾ ਡਰਾਫਟ ਤਿਆਰ ਕੀਤਾ ਗਿਆ ਸੀ ਤਾਂ ਇਸ ਨੂੰ ਬਣਾਉਣ ਵਾਲਿਆਂ ਨੂੰ ਇਹ ਅੰਦਾਜ਼ਾ ਨਹੀਂ ਸੀ ਕਿ ਦੁਨੀਆ 'ਚ ਕਿਸ ਤਰ੍ਹਾਂ ਦੇ ਬਦਲਾਅ ਆਉਣਗੇ।

ਉਨ੍ਹਾ ਕਿਹਾ ਕਿ ਉਸ ਸਮੇਂ ਸਾਡੇ ਕੋਲ ਇੰਟਰਨੈੱਟ ਨਹੀਂ ਸੀ। ਅਸੀਂ ਇਸ ਤਰ੍ਹਾਂ ਦੇ ਦੌਰ 'ਚ ਸੀ, ਜੋ ਐਨਗੋਰਿਦਮ ਨਾਲ ਨਹੀਂ ਚਲਦਾ ਸੀ। ਸੋਸ਼ਲ ਮੀਡੀਆ ਤਾਂ ਬਿਲਕੁੱਲ ਨਹੀਂ ਸੀ। ਅੱਜ ਹਰ ਛੋਟੀ ਚੀਜ਼ ਲਈ ਤੁਹਾਨੂੰ ਇਹ ਡਰ ਰਹਿੰਦਾ ਕਿ ਸੋਸ਼ਲ ਮੀਡੀਆ 'ਤੇ ਲੋਕ ਤੁਹਾਨੂੰ ਟਰੋਲ ਕਰਨਗੇ ਅਤੇ ਯਕੀਨ ਮੰਨੋ ਜੱਜ ਹੋ ਕੇ ਅਸੀਂ ਇਸ ਟ੍ਰੋਲਿੰਗ ਤੋਂ ਬਚ ਨਹੀਂ ਸਕਦੇ।

ਸਿਸੋਦੀਆ ਦਾ ਰਿਮਾਂਡ 6 ਤੱਕ ਵਧਿਆ

ਜ਼ਮਾਨਤ ਅਰਜ਼ੀ 'ਤੇ ਫੈਸਲਾ 10 ਤੱਕ ਸੁਰੱਖਿਅਤ

ਨਵੀਂ ਦਿੱਲੀ : ਸ਼ਰਾਬ ਨੀਤੀ ਕੇਸ 'ਚ ਗ੍ਰਿਫ਼ਤਾਰ ਮਨੀਸ਼ ਸਿਸੋਦੀਆਂ ਦਾ ਰਿਮਾਂਡ ਦੋ ਦਿਨ ਲਈ ਵਧਾ ਦਿੱਤਾ ਗਿਆ ਹੈ। ਰਾਊਜ਼ ਐਵੇਨਿਊ ਕੋਰਟ 'ਚ ਸ਼ਨੀਵਾਰ ਦਿੱਲੀ ਦੇ ਸਾਬਕਾ ਡਿਪਟੀ ਮੁੱਖ ਮੰਤਰੀ ਨੂੰ 6 ਮਰਚ ਤੱਕ ਸੀ ਬੀ ਆਈ ਹਿਰਾਸਤ 'ਚ ਭੇਜ ਦਿੱਤਾ ਗਿਆ। ਸਿਸੋਦੀਆਂ ਵੱਲੋਂ ਦਾਖ਼ਲ ਜ਼ਮਾਨਤ ਪਟੀਸ਼ਨ 'ਤੇ ਕੋਰਟ 10 ਮਾਰਚ ਨੂੰ ਫੈਸਲਾ ਸੁਣਾਏਗੀ। ਸ਼ਨੀਵਾਰ ਰਾਊਜ਼ ਐਵੀਨਿਊ ਕੋਰਟ 'ਚ ਸਿਸੋਦੀਆਂ ਦੀ ਪੇਸ਼ੀ ਹੋਈ। ਸੀ ਬੀ ਆਈ ਨੇ ਕੋਰਟ ਤੋਂ ਤਿੰਨ ਦਿਨ ਲਈ ਉਨ੍ਹਾਂ ਦੀ ਕਸਟਡੀ ਮੰਗੀ ਸੀ। ਕੋਰਟ ਨੇ ਪੁੱਛਿਆ ਕਿਉਂ? ਹੁਣ ਕੀ ਬਾਕੀ ਰਹਿ ਗਿਆ? ਸੀ ਬੀ ਆਈ ਨੇ ਕਿਹਾ—ਮਨੀਸ਼ ਸਿਸੋਦੀਆਂ ਤੋਂ ਰੋਜ਼ਾਨਾ ਰਾਤ 8 ਵਜੇ ਤੱਕ ਪੁੱਛਗਿੱਛ ਹੋ ਰਹੀ ਹੈ, ਪਰ ਉਹ ਜਾਂਚ 'ਚ ਸਹਿਯੋਗ ਨਹੀਂ ਕਰ ਰਹੇ। ਹਾਲੇ ਉਨ੍ਹਾ ਤੋਂ ਕਈ ਸਵਾਲਾਂ ਦੇ ਜਵਾਬ ਲੈਣੇ ਹਨ, ਇਸ ਤੋਂ ਇਲਾਵਾ ਮਾਮਲੇ ਦੇ ਕੁਝ ਗਵਾਹਾਂ ਨਾਲ ਉਨ੍ਹਾ ਦਾ ਆਹਮਣਾ-ਸਾਹਮਣਾ ਕਰਾਉਣਾ ਹੈ। ਉਧਰ ਸਿਸੋਦੀਆ ਵੱਲੋਂ ਪੇਸ਼ ਸੀਨੀਅਰ ਐਡਵੋਕੇਟ ਦਯਾਨ ਕ੍ਰਿਸ਼ਨਨ ਨੇ ਉਨ੍ਹਾ ਦਾ ਰਿਮਾਂਡ ਵਧਾਉਣ ਦਾ ਵਿਰੋਧ ਕੀਤਾ। ਦਯਾਨ ਨੇ ਤਰਕ ਦਿੱਤਾ ਕਿ ਸੀ ਬੀ ਆਈ ਇਸ ਅਧਾਰ 'ਤੇ ਰਿਮਾਂਡ ਮੰਗ ਸਕਦੀ ਕਿ ਅਸੀਂ ਦੋਸ਼ੀਆਂ ਦੇ ਕਬੂਲਨਾਮੇ ਦਾ ਇੰਤਜ਼ਾਰ ਕਰ ਰਹੇ ਹਾਂ। ਸੀ ਬੀ ਆਈ ਦੇ ਸਪੈਸ਼ਲ ਜੱਜ ਐੱਮ ਕੇ ਨਾਗਪਾਲ ਨੇ ਸੁਣਵਾਈ ਦੌਰਾਨ ਸਿਸੋਦੀਆ ਤੋਂ ਪੁੱਛਿਆ ਕਿ ਤੁਹਾਨੂੰ ਕਸਟਡੀ 'ਚ ਕੋਈ ਪ੍ਰੇਸ਼ਾਨੀ ਹੈ।

ਇਸ ਦੇ ਜਵਾਬ 'ਚ ਸਿਸੋਦੀਆਂ ਨੇ ਕਿਹਾ ਕਿ ਮੈਨੂੰ ਸਰੀਰਕ ਰੂਪ ਤੋਂ ਕੋਈ ਪ੍ਰੇਸ਼ਾਨੀ ਨਹੀਂ। ਖਾਣਾ ਵੀ ਸਮੇਂ 'ਤੇ ਮਿਲਦਾ ਹੈ, ਪਰ ਅਧਿਕਾਰੀ ਮੈਨੂੰ ਇੱਕ ਸਵਾਲ ਵਾਰ-ਵਾਰ ਪੁੱਛਦੇ ਹਨ। ਇਸ ਨਾਲ ਮੈਨੂੰ ਮਾਨਸਕ ਪ੍ਰੇਸ਼ਾਨੀ ਮਹਿਸੂਸ ਹੋ ਰਹੀ ਹੈ। ਇਸ ਦੌਰਾਨ ਸੀ ਬੀ ਆਈ ਨੂੰ ਵੀ ਨੋਟਿਸ ਜਾਰੀ ਕਰਕੇ ਕੋਰਟ ਨੇ ਜਵਾਬ ਦੇਣ ਲਈ ਕਿਹਾ ਹੈ।

ਪੱਛਮ ਰੇਲਵੇ ਨੇ ਹੋਲੀ ਦਾ ਰੰਗ ਕੀਤਾ ਫਿੱਕਾ

ਗੁਜਰਾਤ ਤੋਂ ਆਉਣ ਵਾਲੀਆਂ 40 ਗੱਡੀਆਂ ਰੱਦ

ਸੂਰਤ : ਪੱਛਮ ਰੇਲਵੇ ਨੇ ਯਾਤਰੀਆਂ ਦੀ ਹੋਲੀ ਫਿੱਕੀ ਕਰ ਦਿੱਤੀ। ਉਸ ਸਮੇਂ ਜਦ ਸੂਰਤ ਤੋਂ ਵੱਡੀ ਗਿਣਤੀ 'ਚ ਪ੍ਰਵਾਸੀ ਹੋਲੀ ਮਨਾਉਣ ਘਰ ਜਾ ਰਹੇ ਹਨ, ਉਦੋਂ ਰੇਲਵੇ ਨੇ 40 ਰੇਲ ਗੱਡੀਆਂ ਰੱਦ ਕਰ ਦਿੱਤੀਆਂ। ਇਸ ਨਾਲ 60 ਹਜ਼ਾਰ ਤੋਂ ਜ਼ਿਆਦਾ ਯਾਤਰੀਆਂ ਦੀਆਂ ਟਿਕਟਾਂ ਰੱਦ ਹੋ ਗਈਆਂ। ਇਹੀ ਨਹੀਂ 3.67 ਕਰੋੜ ਰੁਪਏ ਤੋਂ ਜ਼ਿਆਦਾ ਦੀ ਰਾਸ਼ੀ ਵੀ ਅਟਕ ਗਈ। ਰੇਲਵੇ ਦੀ ਇਸ ਮਿਸ ਮੈਨੇਜਮੈਂਟ ਕਾਰਨ ਤਿੰਨ ਮਹੀਨੇ ਪਹਿਲਾ ਟਿਕਟ ਬੁੱਕ ਕਰਵਾ ਚੁੱਕੇ ਯਾਤਰੀ ਫਸ ਗਏ ਹਨ। ਪੱਛਮ ਰੇਲਵੇ ਨੇ ਉਧਨਾ ਯਾਰਡ 'ਚ ਨਾਨ-ਇੰਟਰਲਾਕਿੰਗ ਦੇ ਕੰਮ ਕਾਰਨ 4, 5 ਅਤੇ 6 ਮਾਰਚ ਤੱਕ ਬੰਦ ਕੀਤਾ ਹੈ। ਇਹ ਬਲਾਕ ਤੋਂ ਤਿੰਨ ਦਿਨ ਤੱਕ ਲਗਭਗ ਸਾਰੀਆਂ ਪ੍ਰਮੁੱਖ ਰੇਲ ਵੱਡੀਆਂ ਰੱਦ ਕਰ ਦਿੱਤੀਆਂ ਗਈਆਂ ਹਨ। ਇਸ ਬਲਾਕ ਤੋਂ ਤਾਪਤੀ-ਗੰਗਾ ਰੇਲ ਗੱਡੀ ਵੀ ਪ੍ਰਭਾਵਤ ਹੋਈ ਹੈ। ਰੇਲਵੇ ਦੇ ਇਸ ਅਚਾਨਕ ਫੈਸਲੇ ਕਾਰਨ ਹਜ਼ਾਰਾਂ ਯਾਤਰੀਆਂ ਦੀਆਂ ਟਿਕਟ ਰੱਦ ਹੋ ਗਈਆਂ ਹਨ।

ਪਾਕਿ 'ਚ ਘੱਟ ਗਿਣਤੀਆਂ ਸੁਰੱਖਿਅਤ ਨਹੀਂ : ਭਾਰਤ

ਜਨੇਵਾ : ਭਾਰਤ ਨੇ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ (ਯੂ ਐੱਨ ਐੱਚ ਆਰ ਸੀ) 'ਚ ਘੱਟ ਗਿਣਤੀਆਂ ਦੀ ਧਾਰਮਕ ਆਜ਼ਾਦੀ ਦੇ ਮੁੱਦੇ 'ਤੇ ਪਾਕਿਸਤਾਨ ਦੀ ਆਲੋਚਨਾ ਕੀਤੀ ਹੈ। ਭਾਰਤ ਦੀ ਪ੍ਰਤੀਨਿਧੀ ਸੀਮਾ ਪੁਜਾਨੀ ਨੇ ਆਪਣੀ ਪਾਕਿਸਤਾਨੀ ਹਮਰੁਤਬਾ ਹਿਨਾ ਰੱਬਾਨੀ ਖਾਰ ਦੀ ਨਿੰਦਾ ਕਰਦੇ ਹੋਏ ਕਿਹਾ, 'ਅੱਜ ਪਾਕਿਸਤਾਨ ਵਿੱਚ ਕੋਈ ਵੀ ਧਾਰਮਕ ਘਟ ਗਿਣਤੀ ਆਜ਼ਾਦੀ ਨਾਲ ਨਹੀਂ ਰਹਿ ਸਕਦੀ ਅਤੇ ਨਾ ਹੀ ਆਪਣੇ ਧਰਮ ਨੂੰ ਮੰਨ ਸਕਦੀ ਹੈ।' ਹਿਨਾ ਰੱਬਾਨੀ ਖਾਰ ਦੁਆਰਾ ਦਿੱਤੇ ਬਿਆਨ 'ਤੇ ਪ੍ਰਤੀਕਿਰਿਆ ਦਿੰਦੇ ਹੋਏ ਪੁਜਾਨੀ ਨੇ ਕਿਹਾ, 'ਪਾਕਿਸਤਾਨ ਦੇ ਪ੍ਰਤੀਨਿਧੀ ਨੇ ਇਕ ਵਾਰ ਫਿਰ ਭਾਰਤ ਖਿਲਾਫ ਆਪਣਾ ਜ਼ਹਿਰ ਉਗਲਣ ਲਈ ਇਸ ਕੌਮਾਂਤਰੀ ਮੰਚ ਦੀ ਵਰਤੋਂ ਕੀਤੀ ਹੈ।'

ਜ਼ਿਕਰਯੋਗ ਹੈ ਕਿ ਦੋ ਦਿਨ ਪਹਿਲਾਂ ਪਾਕਿਸਤਾਨ ਦੀ ● ਬਾਕੀ ਸਫ਼ਾ 10 'ਤੇ

ਆਸਟਰੇਲੀਆ ਦੇ ਪ੍ਰਧਾਨ ਮੰਤਰੀ 8 ਤੋਂ ਭਾਰਤ ਫੇਰੀ 'ਤੇ

ਨਵੀਂ ਦਿੱਲੀ : ਆਸਟਰੇਲੀਆ ਦੇ ਪ੍ਰਧਾਨ ਮੰਤਰੀ ਐਂਥਨੀ ਅਲਬਨੀਜ 8 ਤੋਂ 11 ਮਾਰਚ ਤੱਕ ਭਾਰਤ ਦੀ ਯਾਤਰਾ ਕਰਨਗੇ, ਜਿਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਅੰਤਰ-ਦੇਸ਼ੀ ਮਾਮਲਿਆਂ 'ਤੇ ਚਰਚਾ ਕਰਨ ਤੋਂ ਇਲਾਵਾ ਉਹ ਹੋਲੀ ਵੀ ਖੇਡਣਗੇ। ਇਸ ਦੇ ਨਾਲ ਉਹ ਅਹਿਮਦਾਬਾਦ ਵਿੱਚ ਬਾਰਡਰ-ਗਾਵਸਕਰ ਟਰਾਫੀ ਦਾ ਚੌਥਾ ਕ੍ਰਿਕਟ ਟੈਸਟ ਮੈਚ ਦੇਖਣਗੇ।

ਕੈਲੀਫੋਰਨੀਆ 'ਚ ਬਰਫੀਲਾ ਤੂਫਾਨ, 13 ਸ਼ਹਿਰਾਂ 'ਚ ਐਮਰਜੈਂਸੀ

ਕੈਲੀਫੋਰਨੀਆ : ਅਮਰੀਕਾ ਦੇ ਕੈਲੀਫੋਰਨੀਆ ਦੇ 13 ਸ਼ਹਿਰਾਂ 'ਚ ਬਰਫੀਲੇ ਤੂਫਾਨ ਦੇ ਚਲਦੇ ਐਮਰਜੈਂਸੀ ਲਾ ਦਿੱਤੀ ਗਈ ਹੈ। ਤੂਫਾਨ 'ਚ 9 ਲੋਕਾਂ ਦੀ ਮੌਤ ਹੋ ਗਈ ਅਤੇ 100 ਤੋਂ ਜ਼ਿਆਦਾ ਲੋਕਾਂ ਨੂੰ ਰੈਸਕਿਊ ਕੀਤਾ ਜਾ ਚੁੱਕਾ ਹੈ। ਕੈਲੀਫੋਰਨੀਆ 'ਚ ਬਰਫਬਾਰੀ ਕਾਰਨ 70 ਹਜ਼ਾਰ ਤੋਂ ਜ਼ਿਆਦਾ ਘਰਾਂ 'ਚ ਬਿਜਲੀ ਨਹੀਂ ਹੈ। ਮੌਸਮ ਵਿਭਾਗ ਨੇ ਅਗਲੇ 2 ਦਿਨ 'ਚ 18-24 ਇੰਚ ਬਰਫਬਾਰੀ ਦਾ ਅਨੁਮਾਨ ਲਾਇਆ ਹੈ।

ਮੁਰਦਾਰ ਖਾਣ ਵਰਗੀਆਂ ਹੱਦਾਂ ਉਲੰਘ ਰਿਹਾ ਥਾਣੇਦਾਰ ਕਾਬੂ

ਤਲਵੰਡੀ ਸਾਬੋ, (ਜਗਦੀਪ ਗਿੱਲ)-ਪੰਜਾਬ ਵਿਜੀਲੈਂਸ ਬਿਊਰੋ ਨੇ ਸ਼ਨੀਵਾਰ ਥਾਣਾ ਤਲਵੰਡੀ ਸਾਬੋ, ਬਠਿੰਡਾ ਜ਼ਿਲ੍ਹੇ ਵਿੱਚ ਤਾਇਨਾਤ ਸਹਾਇਕ ਸਬ-ਇੰਸਪੈਕਟਰ ਜਗਤਾਰ ਸਿੰਘ ਨੂੰ 15,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਪੁਲਸ ਮੁਲਾਜ਼ਮ ਨੂੰ ਜਨਕ ਰਾਜ ਵਾਸੀ ਮੋਨ ਬਜ਼ਾਰ ਤਲਵੰਡੀ ਸਾਬੋ ਦੀ ਸ਼ਿਕਾਇਤ 'ਤੇ ਗ੍ਰਿਫ਼ਤਾਰ ਕੀਤਾ ਗਿਆ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਸੀ ਕਿ ਉਕਤ ਪੁਲਸ ਮੁਲਾਜ਼ਮ ਨੇ ਉਸ ਦੇ ਭਰਾ ਵੱਲੋਂ ਉਕਤ ਥਾਣੇ ਵਿੱਚ ਵਿਰੋਧੀ ਧਿਰ ਵਿਰੁੱਧ ਦਰਜ ਕਰਵਾਏ ਇੱਕ ਪੁਲਸ ਕੇਸ ਵਿੱਚ ਉਸ ਦੀ ਮਦਦ ਕਰਨ ਲਈ 20,000 ਰੁਪਏ ਬਤੌਰ ਰਿਸ਼ਵਤ ਮੰਗੀ ਹੈ। ਉਸ ਅਨੁਸਾਰ ਉਕਤ ਏ ਐੱਸ ਆਈ ਪਹਿਲਾਂ ਹੀ ● ਬਾਕੀ ਸਫ਼ਾ 10 'ਤੇ

ਸ਼੍ਰੋਮਣੀ ਕਮੇਟੀ ਦਾ ਬਜਟ ਅਜਲਾਸ 28 ਨੂੰ

ਅੰਮ੍ਰਿਤਸਰ, (ਜਸਬੀਰ ਸਿੰਘ ਪੱਟੀ)-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਸਿੱਖ ਨੌਜੁਆਨ ਵਿਦਿਆਰਥੀਆਂ ਨੂੰ ਆਈ ਏ ਐੱਸ, ਆਈ ਪੀ ਐੱਸ ਅਤੇ ਪੀ ਸੀ ਐੱਸ ਦੀਆਂ ਮੁਕਾਬਲਾ ਪ੍ਰੀਖਿਆਵਾਂ ਲਈ ਤਿਆਰ ਕਰਨ ਵਾਸਤੇ ਚੰਡੀਗੜ੍ਹ ਦੇ ਨ

page-6-5-(MARCH)-2023-G-(BV).qxd 3/4/2023 10:37 PM Page 1

ਸ਼੍ਰੋਮਣੀ ਕਮੇਟੀ ਦੇ ਇਜਲਾਸ 'ਚ ਹਰਿਆਣਾ ਗੁਰਦੁਆਰਾ ਐਕਟ ਰੱਦ ਕਰਨ ਦੀ ਮੰਗ

6 ਮੈਂਬਰੀ ਕਮੇਟੀ ਗਠਿਤ, ਭਾਰਤ ਦੇ ਸੰਸਦ ਮੈਂਬਰਾਂ ਤੱਕ ਕੀਤੀ ਜਾਵੇਗੀ ਪਹੁੰਚ: ਧਾਮੀ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੁਲਾਏ ਗਏ ਵਿਸ਼ੇਸ਼ ਇਜਲਾਸ ਦੌਰਾਨ ਹਰਿਆਣਾ ਸਰਕਾਰ ਅਤੇ ਉਸ ਦੀ ਨਾਮਜ਼ਦ ਐਡਹਾਕ ਗੁਰਦੁਆਰਾ ਕਮੇਟੀ ਵੱਲੋਂ ਇਤਿਹਾਸਕ ਗੁਰਦੁਆਰਿਆਂ ਦੇ ਪ੍ਰਬੰਧਾਂ 'ਤੇ ਜਬਰੀ ਕਬਜ਼ਾ ਕਰਨ ਦੀ ਸਖ਼ਤ ਨਿੰਦਾ ਦਾ ਮਤਾ ਕਰਦਿਆਂ ਇਸ ਮਾਮਲੇ 'ਤੇ ਸੰਸਦ ਦਾ ਵਿਸ਼ੇਸ਼ ਇਜਲਾਸ ਸੱਦ ਕੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਐਕਟ 2014 ਰੱਦ ਕਰਨ ਦੀ ਭਾਰਤ ਸਰਕਾਰ ਪਾਸੋਂ ਮੰਗ ਕੀਤੀ ਗਈ ਹੈ। ਇਸ ਸਬੰਧ ਵਿਚ ਚਾਰਾਜੋਈ ਲਈ ਇਕ 6 ਮੈਂਬਰੀ ਕਮੇਟੀ ਦਾ ਗਠਨ ਵੀ ਕੀਤਾ ਗਿਆ, ਜੋ ਪੂਰੇ ਭਾਰਤ ਅੰਦਰ ਵੱਖ-ਵੱਖ ਪਾਰਟੀਆਂ ਅਤੇ ਸੰਸਦ ਦੇ ਦੋਵੇਂ ਸਦਨਾਂ ਦੇ ਮੈਂਬਰਾਂ ਨਾਲ ਰਾਬਤਾ ਕਰਕੇ ਸਿੱਖਾਂ ਦੀ ਸੰਵਿਧਾਨਕ ਸੰਸਥਾ ਸ਼੍ਰੋਮਣੀ ਕਮੇਟੀ ਨੂੰ ਜਬਰੀ ਖੰਡਿਤ ਕਰਨ ਬਾਰੇ ਅਵਾਜ਼ ਉਠਾਉਣ ਲਈ ਆਖੇਗੀ। ਇਜਲਾਸ ਅੰਦਰ ਭਾਰਤ ਦੇ ਸਮੂਹ ਸੰਸਦ ਮੈਂਬਰਾਂ ਨੂੰ ਇਸ ਸਬੰਧੀ ਪੱਤਰ ਲਿਖਣ ਦਾ ਫੈਸਲਾ ਕੀਤਾ ਗਿਆ। ਇਸ ਦੇ ਨਾਲ ਹੀ ਭਾਰਤੀ ਜਨਤਾ ਪਾਰਟੀ ਵੱਲੋਂ ਘੱਟਗਿਣਤੀਆਂ ਨਾਲ ਕੀਤੀ ਜਾ ਰਹੀ ਬੇਇਨਸਾਫ਼ੀ ਅਤੇ ਧੱਕੇਸ਼ਾਹੀ ਵਿਰੁੱਧ ਵੀ ਇਕ ਮਤਾ ਪਾਸ ਕੀਤਾ ਗਿਆ। ਇਹ ਵਿਸ਼ੇਸ਼ ਇਜਲਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਅੰਦਰ ਹੋਇਆ, ਜਿਸ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਗਿਆਨੀ ਬਲਵਿੰਦਰ ਸਿੰਘ, ਗਿਆਨੀ ਬਲਜੀਤ ਸਿੰਘ ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਸਮੇਤ ਵੱਡੀ ਗਿਣਤੀ ਮੈਂਬਰਾਂ ਨੇ ਸ਼ਮੂਲੀਅਤ ਕੀਤੀ।

ਇਜਲਾਸ ਅੰਦਰ ਵੱਖ-ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਹਰਿਆਣਾ ਦੀ ਸਰਕਾਰ ਵੱਲੋਂ ਆਪਣੀ ਨਾਮਜ਼ਦ ਐਡਹਾਕ ਗੁਰਦੁਆਰਾ ਕਮੇਟੀ ਰਾਹੀਂ ਗੁਰੂ ਘਰਾਂ ਦੀਆਂ ਗੋਲਕਾਂ ਦੇ ਤਾਲੇ ਕੱਟਣ, ਬਾਵਰਦੀ ਤੇ ਜੁੱਤੀਆਂ ਸਮੇਤ ਪੁਲਸ ਗੁਰੂ ਘਰਾਂ ਅੰਦਰ ਲਿਜਾਣ ਅਤੇ ਸੰਗਤਾਂ ਨੂੰ ਗੁਰੂ ਘਰੋਂ ਧੱਕੇ ਮਾਰ ਕੇ ਬਾਹਰ ਕਰਨ ਦੀ ਕਰੜੀ ਨਿੰਦਾ ਕਰਦਿਆਂ ਸਰਕਾਰਾਂ ਦੀਆਂ ਅਜਿਹੀਆਂ ਸਿੱਖ ਵਿਰੋਧੀ ਕਾਰਵਾਈਆਂ ਦਾ ਕਰੜਾ ਵਿਰੋਧ ਕੀਤਾ। ਬੁਲਾਰਿਆਂ ਨੇ ਸਾਫ਼ ਤੌਰ 'ਤੇ ਆਖਿਆ ਕਿ ਇਸ ਮਾਮਲੇ 'ਤੇ ਸਾਰੇ ਮੈਂਬਰ ਇਕਜੁਟ ਹਨ ਅਤੇ ਹਰਿਆਣਾ ਕਮੇਟੀ ਵਿਰੁੱਧ ਕੀਤੀ ਜਾਣ ਵਾਲੀ ਅਗਲੀ ਕਾਰਵਾਈ ਵਿਚ ਸਹਿਯੋਗੀ ਰਹਿਣਗੇ। ਆਪਣੇ ਸੰਬੋਧਨ ਵਿਚ ਮੈਂਬਰਾਂ ਨੇ ਕਿਹਾ ਕਿ ਗੁਰੂ ਘਰਾਂ ਅੰਦਰ ਸਰਕਾਰੀ ਦਖ਼ਲਅੰਦਾਜ਼ੀ ਲਈ ਸਿੱਧੇ ਤੌਰ 'ਤੇ ਭਾਰਤੀ ਜਨਤਾ ਪਾਰਟੀ ਜ਼ੁੰਮੇਵਾਰ ਹੈ। ਐਡਵੋਕੇਟ ਧਾਮੀ ਨੇ ਦੱਸਿਆ ਕਿ ਇਜਲਾਸ ਵੱਲੋਂ ਪਾਸ ਕੀਤੇ ਦੂਸਰੇ ਮਤੇ ਵਿਚ ਘੱਟਗਿਣਤੀ ਕੌਮਾਂ ਨੂੰ ਦਬਾਉਣ ਲਈ ਸਰਕਾਰਾਂ ਦੀਆਂ ਚਾਲਾਂ ਦੀ ਆਲੋਚਨਾ ਕੀਤੀ ਗਈ ਹੈ। ਐਡਵੋਕੇਟ ਧਾਮੀ ਅਨੁਸਾਰ ਮਤੇ ਵਿਚ ਕਿਹਾ ਗਿਆ ਹੈ ਕਿ ਵੋਟ ਦੀ ਰਾਜਨੀਤੀ 'ਤੇ ਚੱਲਦਿਆਂ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਸਰਕਾਰ ਵੱਲੋਂ ਹਰ ਹੀਲਾ ਵਰਤਿਆ ਜਾ ਰਿਹਾ ਹੈ।

ਹਰਿਆਣਾ ਗੁਰਦੁਆਰਾ ਕਮੇਟੀ ਦੇ ਮਾਮਲੇ 'ਤੇ ਇਜਲਾਸ ਦੌਰਾਨ ਬਣਾਈ ਗਈ 6 ਮੈਂਬਰੀ ਕਮੇਟੀ ਬਾਰੇ ਐਡਵੋਕੇਟ ਧਾਮੀ ਨੇ ਦੱਸਿਆ ਕਿ ਇਸ ਵਿਚ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰ, ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਸੀਨੀਅਰ ਅਕਾਲੀ ਆਗੂ ਬਲਵਿੰਦਰ ਸਿੰਘ ਭੂੰਦੜ, ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਅਤੇ ਡਾ. ਦਲਜੀਤ ਸਿੰਘ ਚੀਮਾ ਸ਼ਾਮਲ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਹ ਕਮੇਟੀ ਤੁਰੰਤ ਕਾਰਜ ਸ਼ੁਰੂ ਕਰੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਜੇਕਰ ਲੋੜ ਪਈ ਤਾਂ ਇਸ ਵਿਸ਼ੇ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਅੰਤਰਰਾਸ਼ਟਰੀ ਸਿੱਖ ਸੰਮੇਲਨ ਵੀ ਬੁਲਾਇਆ ਜਾਵੇਗਾ। ਇਜਲਾਸ ਦੌਰਾਨ ਸੰਬੋਧਨ ਕਰਦਿਆਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਹਰਿਆਣਾ ਸਰਕਾਰ ਦੀ ਨਾਮਜ਼ਦ ਐਡਹਾਕ ਕਮੇਟੀ ਵੱਲੋਂ ਗੁਰਦੁਆਰਾ ਸਾਹਿਬਾਨ ਦਾ ਪੁਲਿਸ ਜਰੀਏ ਪ੍ਰਬੰਧ ਹਥਿਆਉਣਾ ਇਕ ਵੱਡੀ ਗਲਤੀ ਹੈ, ਜੋ ਉਨ੍ਹਾਂ ਨੂੰ ਮੰਨ ਲੈਣੀ ਚਾਹੀਦੀ ਹੈ।

ਇਜਲਾਸ ਦੌਰਾਨ ਹਾਜ਼ਰ ਸ਼ਖ਼ਸੀਅਤਾਂ 'ਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ, ਭਾਈ ਗੋਬਿੰਦ ਸਿੰਘ ਲੌਂਗੋਵਾਲ, ਅਲਵਿੰਦਰਪਾਲ ਸਿੰਘ ਪੱਖੋਕੇ, ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਾਇਮਪੁਰ, ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਜਨਰਲ ਸਕੱਤਰ ਭਾਈ ਗੁਰਚਰਨ ਸਿੰਘ ਗਰੇਵਾਲ, ਅੰਤ੍ਰਿੰਗ ਮੈਂਬਰ ਬਾਵਾ ਸਿੰਘ ਗੁਮਾਨਪੁਰਾ, ਗੁਰਨਾਮ ਸਿੰਘ ਜੱਸਲ, ਪਰਮਜੀਤ ਸਿੰਘ ਖਾਲਸਾ, ਜਰਨੈਲ ਸਿੰਘ ਕਰਤਾਰਪੁਰ, ਸੁਰਜੀਤ ਸਿੰਘ ਕੰਗ, ਸਰਵਣ ਸਿੰਘ ਕੁਲਾਰ, ਸੁਰਜੀਤ ਸਿੰਘ ਤੁਗਲਵਾਲ, ਮਲਕੀਤ ਸਿੰਘ ਚੰਗਾਲ, ਬਾਬਾ ਗੁਰਪ੍ਰੀਤ ਸਿੰਘ, ਮੈਂਬਰ ਬੀਬੀ ਮਨਜੀਤ ਕੌਰ ਕੰਧੋਲਾ, ਬੀਬੀ ਅਮਰਜੀਤ ਕੌਰ, ਬੀਬੀ ਕਿਰਨਵੀਰ ਕੌਰ, ਨਵਤੇਜ ਸਿੰਘ ਕਾਉਣੀ, ਕੌਰ ਸਿੰਘ ਬਹਾਵਵਾਲਾ, ਦਰਸ਼ਨ ਸਿੰਘ ਬਰਾੜ, ਪ੍ਰੀਤਮ ਸਿੰਘ ਮਨਸੀਹਾਂ, ਦਰਸ਼ਨ ਸਿੰਘ ਸ਼ੇਰਖਾਂ, ਗੁਰਮੀਤ ਸਿੰਘ ਬੂਹ, ਬੀਬੀ ਨਰਿੰਦਰ ਕੌਰ, ਸੁਖਹਰਪ੍ਰੀਤ ਸਿੰਘ ਰੋਡੇ, ਬੀਬੀ ਗੁਰਿੰਦਰ ਕੌਰ, ਸ਼ੇਰ ਸਿੰਘ ਮੰਡਵਾਲਾ, ਬੀਬੀ ਜੋਗਿੰਦਰ ਕੌਰ ਰਠੌਰ, ਸੁਰਜੀਤ ਸਿੰਘ ਰਾਏਪੁਰ, ਗੁਰਪ੍ਰੀਤ ਸਿੰਘ ਝੱਬਰ, ਬੀਬੀ ਪਰਮਜੀਤ ਕੌਰ, ਇੰਦਰਮੋਹਨ ਸਿੰਘ ਲਖਮੀਰਵਾਲਾ, ਬੀਬੀ ਜਸਪਾਲ ਕੌਰ, ਭੂਪਿੰਦਰ ਸਿੰਘ ਭਲਵਾਨ, ਹਰਦੇਵ ਸਿੰਘ ਰੋਗਲਾ, ਬੀਬੀ ਮਲਕੀਤ ਕੌਰ ਕਮਾਲਪੁਰ, ਕੁਲਦੀਪ ਸਿੰਘ ਨੱਸੂਪੁਰ, ਬੀਬੀ ਹਰਦੀਪ ਕੌਰ, ਸਤਵਿੰਦਰ ਸਿੰਘ ਟੌਹੜਾ, ਜਸਮੇਲ ਸਿੰਘ ਲਾਛੜੂ, ਰਵਿੰਦਰ ਸਿੰਘ ਖਾਲਸਾ, ਰਘਬੀਰ ਸਿੰਘ ਸਹਾਰਨਮਾਜਰਾ, ਜਗਜੀਤ ਸਿੰਘ ਤਲਵੰਡੀ, ਜਸਵੰਤ ਸਿੰਘ ਪੁੜੈਣ, ਕੇਵਲ ਸਿੰਘ ਬਾਦਲ, ਬਲਵਿੰਦਰ ਸਿੰਘ ਭੌਂਸ, ਸਰਬੰਸ ਸਿੰਘ ਮਾਣਕੀ, ਬੀਬੀ ਹਰਜਿੰਦਰ ਕੌਰ, ਮਹਿੰਦਰ ਸਿੰਘ ਹੁਸੈਨਪੁਰਾ, ਗੁਰਬਖ਼ਸ਼ ਸਿੰਘ ਖਾਲਸਾ, ਬਲਦੇਵ ਸਿੰਘ ਕਲਿਆਣ, ਬੀਬੀ ਦਵਿੰਦਰ ਕੌਰ ਕਾਲੜਾ, ਰਣਜੀਤ ਸਿੰਘ ਕਾਹਲੋਂ, ਬੀਬੀ ਗੁਰਪ੍ਰੀਤ ਕੌਰ ਭੁੰਗਰਾ ਲੰਬਾਣਾ, ਜਰਨੈਲ ਸਿੰਘ ਡੋਗਰਾਂਵਾਲਾ, ਬਲਜੀਤ ਸਿੰਘ ਜਲਾਲਉਸਮਾਂ, ਅਮਰਜੀਤ ਸਿੰਘ ਭਲਾਈਪੁਰ, ਬਲਵਿੰਦਰ ਸਿੰਘ ਵੇਈਂਪੂਈਂ, ਗੁਰਬਚਨ ਸਿੰਘ ਕਰਮੂੰਵਾਲਾ, ਖੁਸ਼ਵਿੰਦਰ ਸਿੰਘ ਭਾਟੀਆ, ਬੀਬੀ ਹਰਜਿੰਦਰ ਕੌਰ, ਭਾਈ ਮਨਜੀਤ ਸਿੰਘ, ਅਮਰਜੀਤ ਸਿੰਘ, ਮੰਗਵਿੰਦਰ ਸਿੰਘ ਖਾਪੜਖੇੜੀ, ਹਰਜਾਪ ਸਿੰਘ ਸੁਲਤਾਨਵਿੰਡ, ਰਾਜਿੰਦਰ ਸਿੰਘ ਮਹਿਤਾ, ਬੀਬੀ ਕਿਰਨਜੋਤ ਕੌਰ, ਸੁਰਜੀਤ ਸਿੰਘ ਭਿੱਟੇਵੱਡ, ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਬੀਬੀ ਬਲਵਿੰਦਰ ਕੌਰ ਲੋਪੋਕੇ, ਅਮਰੀਕ ਸਿੰਘ ਵਿਛੋਆ, ਬੀਬੀ ਸਰਵਨ ਕੌਰ ਤੇੜਾ, ਬੀਬੀ ਜੋਗਿੰਦਰ ਕੌਰ, ਬੀਬੀ ਜਸਵੀਰ ਕੌਰ ਜੱਫਰਵਾਲ, ਚਰਨਜੀਤ ਸਿੰਘ ਕਾਲੇਵਾਲ, ਬੀਬੀ ਪਰਮਜੀਤ ਕੌਰ ਲਾਂਡਰਾਂ ਕਰਨੈਲ ਸਿੰਘ ਪੰਜੌਲੀ, ਭਾਈ ਰਾਮ ਸਿੰਘ, ਸੁਰਜੀਤ ਸਿੰਘ ਕੰਗ, ਸੁਖਵਰਸ਼ ਸਿੰਘ ਧੰਨੂ, ਤੇਜਿੰਦਰਪਾਲ ਸਿੰਘ, ਸਕੱਤਰ ਪ੍ਰਤਾਪ ਸਿੰਘ, ਓਐਸਡੀ ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸੁਖਮਿੰਦਰ ਸਿੰਘ, ਕੁਲਵਿੰਦਰ ਸਿੰਘ ਰਮਦਾਸ, ਬਲਵਿੰਦਰ ਸਿੰਘ ਕਾਹਲਵਾਂ, ਬਿਜੈ ਸਿੰਘ, ਗੁਰਿੰਦਰ ਸਿੰਘ ਮਥਰੇਵਾਲ, ਗੁਰਮੀਤ ਸਿੰਘ ਬੁੱਟਰ, ਸਿਮਰਜੀਤ ਸਿੰਘ ਕੰਗ, ਮੀਤ ਸਕੱਤਰ ਗੁਰਚਰਨ ਸਿੰਘ ਕੋਹਾਲਾ, ਜਸਵਿੰਦਰ ਸਿੰਘ ਜੱਸੀ, ਸ਼ਾਹਬਾਜ਼ ਸਿੰਘ, ਮੀਡੀਆ ਇੰਚਾਰਜ ਹਰਭਜਨ ਸਿੰਘ ਵਕਤਾ, ਕਾਨੂੰਨੀ ਸਲਾਹਕਾਰ ਅਮਨਬੀਰ ਸਿੰਘ ਸਿਆਲੀ ਅਤੇ ਸੁਪਰਡੈਂਟ ਮਲਕੀਤ ਸਿੰਘ ਬਹਿੜਵਾਲ ਆਦਿ ਮੌਜੂਦ ਸਨ।

ਈਟੀਓ ਵੱਲੋਂ ਸ਼ਹਿਰ 'ਚ ਬਿਜਲੀ ਦੇ ਕਈ ਕੰਮਾਂ ਦੀ ਸ਼ੁਰੂਆਤ

ਅੰਮ੍ਰਿਤਸਰ (ਨਰਿੰਦਰਜੀਤ ਸਿੰਘ)-ਆ ਰਹੇ ਜੀ-20 ਸੰਮੇਲਨ ਅਤੇ ਗਰਮੀ ਦੇ ਸੀਜ਼ਨ ਨੂੰ ਧਿਆਨ ਵਿਚ ਰੱਖਦੇ ਹੋਏ ਬਿਜਲੀ ਵਿਭਾਗ ਨੇ ਨਵੇਂ ਪ੍ਰਾਜੈਕਟਾਂ ਦੀ ਅੱਜ ਸ਼ੁਰੂਆਤ ਕੀਤੀ ਹੈ, ਜਿਸ ਨਾਲ ਗਰਮੀ ਵਿਚ ਵੀ ਨਿਰਵਿਘਨ ਬਿਜਲੀ ਸਪਲਾਈ ਪੰਜਾਬ ਵਾਸੀਆਂ ਨੂੰ ਮਿਲਗੀ ਰਹੇਗੀ। ਉਕਤ ਸ਼ਬਦਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਹਰਭਜਨ ਸਿੰਘ ਈਟੀਓ ਨੇ ਨਾਗ ਕਲਾਂ ਵਿਖੇ ਇੰਡਸਟਰੀਅਲ ਫੀਡਰ ਅਤੇ ਤਿੰਨ ਨਵੇਂ ਵੀਸੀਬੀ ਦੀ ਸ਼ੁਰੂਆਤ ਮੌਕੇ ਕੀਤਾ। ਉਨ੍ਹਾਂ ਕਿਹਾ ਕਿ ਮੈਨੂੰ ਬੀਤੇ ਦਿਨਾਂ ਵਿਚ ਨਾਗ ਕਲਾਂ ਤੇ ਬੱਲ ਕਲਾਂ ਦੇ ਸਨਅਤਕਾਰਾਂ ਨੇ ਬਿਜਲੀ ਸਪਲਾਈ ਵਿਚ ਸੁਧਾਰ ਦੀ ਮੰਗ ਕੀਤੀ ਸੀ, ਜਿਸ ਉਤੇ ਤੁਰੰਤ ਕਾਰਵਾਈ ਕਰਦੇ ਹੋਏ 1.4 ਕਰੋੜ ਰੁਪਏ ਦੀ ਰਾਸ਼ੀ ਨਾਲ ਇਹ ਕੰਮ ਪੂਰੇ ਕਰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਅੱਜ ਇਸ ਦੇ ਨਾਲ-ਨਾਲ ਐਮ. ਈ. ਲੈਬ ਵੇਰਕਾ ਵਿਚ ਕਰੀਬ ਡੇਢ ਕਰੋੜ ਰੁਪਏ ਦੀ ਲਾਗਤ ਨਾਲ ਜਰਮਨ ਤੋਂ ਮੰਗਵਾਈ ਮੀਟਰ ਟੈਸਟਿੰਗ ਮਸ਼ੀਨ ਦਾ ਉਦਘਾਟਨ ਕੀਤਾ ਹੈ, ਜਿਸ ਨਾਲ ਹੁਣ ਸਾਰੇ ਸਿੰਗਲ ਫੇਜ਼, ਪੋਲੀ ਫੇਜ਼, ਐਲਟੀ ਸੀਸੀ, ਐਚਟੀ ਅਤੇ ਸੋਲਰ ਮੀਟਰਾਂ ਦੀ ਟੈਸਟਿੰਗ ਵੇਰਕਾ ਵਿਖੇ ਹੀ ਹੋ ਸਕੇਗੀ। ਉਨਾਂ ਕਿਹਾ ਕਿ ਪਹਿਲਾਂ ਇਹ ਮੀਟਰ ਟੈਸਟ ਹੋਣ ਲਈ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਜਾਂਦੇ ਸਨ, ਜਿਸ ਨਾਲ ਵੱਧ ਸਮਾਂ ਲੱਗਦਾ ਸੀ, ਜੋ ਕਿ ਵਿਭਾਗ ਦੇ ਨਾਲ-ਨਾਲ ਖਪਤਕਾਰਾਂ ਦਾ ਵੀ ਨੁਕਸਾਨ ਕਰਦਾ ਸੀ, ਪਰ ਹੁਣ ਇਹ ਮੁੱਢਲਾ ਕੰਮ ਇੱਥੇ ਪੂਰਾ ਕੀਤਾ ਜਾ ਸਕੇਗਾ। ਇਸ ਤੋਂ ਇਲਾਵਾ ਜੀ 20 ਸੰਮੇਲਨ ਨੂੰ ਧਿਆਨ ਵਿਚ ਰੱਖਦੇ ਹੋਏ ਪਾਵਰਕੌਮ ਦੇ ਰੈਸਟ ਹਾਊਸ, ਦਫਤਰਾਂ ਤੇ 66 ਕੇ ਵੀ ਸਬ ਸਟੇਸ਼ਨਾਂ ਵਿਚ ਕੀਤੇ ਜਾਣ ਵਾਲੇ ਸਿਵਲ ਕੰਮਾਂ ਦੀ ਸ਼ੁਰੂਆਤ ਵੀ ਕੀਤੀ। ਉਨ੍ਹਾਂ ਦੱਸਿਆ ਕਿ ਕਰੀਬ 2 ਕਰੋੜ ਰੁਪਏ ਦੀ ਰਾਸ਼ੀ ਨਾਲ ਦਫਤਰਾਂ ਤੇ ਰੈਸਟ ਹਾਊਸਾਂ ਵਿਚ ਹੋਣ ਵਾਲੇ ਮੁੱਢਲੇ ਕੰਮ ਕਰਵਾਏ ਜਾਣਗੇ। ਇਸ ਮੌਕੇ ਵਿਧਾਇਕਾ ਜੀਵਨਜੋਤ ਕੌਰ, ਸੁਹਿੰਦਰ ਕੌਰ, ਚੀਫ ਇੰਜੀਨੀਅਰ ਬਾਲ ਕਿਸ਼ਨ, ਇੰਜ. ਰਾਜੀਵ ਪਰਾਸ਼ਰ, ਇੰਜ. ਜਤਿੰਦਰਪਾਲ ਸਿੰਘ, ਪਰਮਿੰਦਰ ਸੇਠੀ, ਰਾਜਨ ਮਹਿਰਾ, ਕੁੱਕੂ ਸ਼ਰਮਾ, ਮਨਪ੍ਰੀਤ ਸਿੰਘ ਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

ਕੈਂਸਰ ਚੈੱਕਅੱਪ ਕੈਂਪਾਂ ਦੀ ਸ਼ੁਰੂਆਤ ਅੱਜ ਅਜਨਾਲਾ ਤੋਂ

ਅਜਨਾਲਾ, (ਸੁਖਤਿੰਦਰ ਸਿੰਘ ਰਾਜੂ) - ਐੱਨ.ਆਰ.ਆਈ. ਸਨਮ ਸਿੰਘ ਕਾਹਲੋਂ ਆਸਟਰੇਲੀਆ ਦੇ ਸਹਿਯੋਗ ਨਾਲ ਵਰਲਡ ਕੈਂਸਰ ਕੇਅਰ ਚੈਰੀਟੇਬਲ ਸੋਸਾਇਟੀ ਵੱਲੋਂ ਵਿਧਾਨ ਸਭਾ ਹਲਕਾ ਅਜਨਾਲਾ 'ਚ ਰੋਜਾਨਾ 8 ਵੱਖ-ਵੱਖ ਥਾਵਾਂ 'ਤੇ ਲਾਏ ਜਾਣ ਵਾਲੇ ਕੈਂਪਾਂ ਦੀ ਸ਼ੁਰੂਆਤ ਅੱਜ 5 ਮਾਰਚ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜਨਾਲਾ (ਲੜਕੇ) ਤੋਂ ਹੋਵੇਗੀ । ਇਸ ਸੰਬੰਧੀ ਜਾਣਕਾਰੀ ਦਿੰਦਿਆ ਐੱਨ.ਆਰ.ਆਈ ਸਨਮ ਸਿੰਘ ਕਾਹਲੋਂ ਆਸਟਰੇਲੀਆ ਨੇ ਦੱਸਿਆ ਕਿ ਉਨ੍ਹਾਂ ਵੱਲੋਂ ਕੈਂਸਰ ਦੀ ਮਾਰ ਹੇਠ ਆਏ ਸਰਹੱਦੀ ਇਲਾਕੇ ਦੇ ਗਰੀਬ ਮਰੀਜਾਂ ਦੇ ਭਲੇ ਲਈ ਸਹਿਯੋਗ ਵਰਲਡ ਕੈਂਸਰ ਕੇਅਰ ਚੈਰੀਟੇਬਲ ਸੋਸਾਇਟੀ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਅਜਨਾਲਾ ਹਲਕੇ 'ਚ 5 ਮਾਰਚ ਨੂੰ ਸ.ਸ.ਸ.ਸਕੂਲ ਅਜਨਾਲਾ (ਲੜਕੇ) ਤੋਂ ਇਲਾਵਾ 6 ਮਾਰਚ ਨੂੰ ਸ਼ਿ?ਵ ਮੰਦਿਰ ਅਜਨਾਲਾ , 7 ਮਾਰਚ ਨੂੰ ਗੁਰਦੁਆਰਾ ਸਾਹਿਬ ਗੁਰੂ 'ਕਾ ਬਾਗ 8 ਨੂੰ ਬਾਬਾ ਗੱਮ ਚੁੱਕ ਬਲੜਵਾਲ, 9 ਨੂੰ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਗੱਗੋਮਾਹਲ , 10 ਨੂੰ ਗੁਰਦੁਆਰਾ ਚੜਦੀ ਪੱਤੀ ਬੋਬਾ , 11 ਨੂੰ ਮੰਦਿਰ ਬੱਲ ਬਾਵਾ ਅਤੇ 12 ਮਾਰਚ ਨੂੰ ਬਾਬਾ ਬੁੱਢਾ ਜੀ ਸ.ਸ.ਸਕੂਲ ਰਮਦਾਸ 'ਚ ਕੈਂਸਰ ਚੈੱਕ-ਅੱਪ ਕੈਂਪ ਲਾਏ ਜਾਣਗੇ । ਇਸ ਮੌਕੇ ਉਨ੍ਹਾਂ ਦੱਸਿਆ ਕਿ ਅੱਜ 5 ਮਾਰਚ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਅਜਨਾਲਾ ਵਿਖੇ ਐੱਨ.ਆਰ.ਆਈ. ਮਾਮਲਿਆਂ ਦੇ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਦੇ ਵਿਸੇਸ ਸਹਿਯੋਗ ਨਾਲ ਕੈਂਪ ਲਾਇਆ ਜਾ ਰਿਹਾ ਹੈ ।ਇਸ ਮੌਕੇ ਡਾਕਟਰਾਂ ਦੀ ਟੀਮ ਵੱਲੋਂ ਔਰਤਾਂ ਦੇ ਛਾਤੀ ਦੇ ਕੈਂਸਰ ਦੀ ਜਾਂਚ ਲਈ (ਮੈਮੋਗ੍ਰਾਫੀ) ਟੈਸਟ , ਔਰਤਾਂ ਦੇ ਬੱਚੇਦਾਨੀ ਦੇ ਕੈਂਸਰ ਦੀ ਜਾਂਚ ਲਈ (ਪੈਪ ਸਮੀਅਰ) ਟੈਸਟ, ਮਰਦਾਂ ਦੇ ਗਦੂਦਾਂ ਦਾ ਕੈਂਸਰ ਲਈ ਪੀ.ਐੱਸ.ਏ.ਟੈਸਟ ਕੈਂਸਰ ਦੇ ਮਰੀਜਾਂ ਦੇ ਇਲਾਜ ਲਈ ਸਹੀ ਸਲਾਹ ਦੇਣ , ਔਰਤਾਂ ਤੇ ਮਰਦਾਂ ਦੀ ਬਲੱਡ ਕੈਂਸਰ ਜਾਂਚ ਆਦਿ ਦੇ ਨਾਲ-ਨਾਲ ਕੈਂਪਾਂ ਦੌਰਾਨ ਫ੍ਰੀ ਟੈਸਟ , ਫ੍ਰੀ ਦਵਾਈਆ

5-March-PAGE- 7.qxd 3/4/2023 10:28 PM Page 1

ਮਾਣਕਪੁਰ ਕੱਲਰ 'ਚ ਅਦਾਲਤ ਦੇ ਨਿਯਮਾਂ ਦੀ ਉਲੰਘਣਾ ਕਰਕੇ ਨਜਾਇਜ਼ ਬਣਾਈ ਜਾ ਰਹੀ ਹੈ ਗਲੀ

ਮੋਹਾਲੀ, (ਗੁਰਜੀਤ ਬਿੱਲਾ)- ਮਾਣਕਪੁਰ ਕੱਲਰ ਬਲਾਕ ਮੋਹਾਲੀ ਜ਼ਿਲਾ ਐਸ ਏ ਐਸ ਨਗਰ ਦੀ ਗਲੀ 'ਤੇ ਸੁਖਪਾਲ ਸਿੰਘ ਦਾ ਨਜਾਇਜ਼ ਕਬਜ਼ਾ ਹੈ, ਜਿਸ ਦਾ ਕੇਸ 6 ਸਾਲਾਂ ਤੋਂ ਜ਼ਿਲਾ ਅਦਾਲਤ ਮੋਹਾਲੀ 'ਚ ਚੱਲ ਰਿਹਾ ਹੈ। ਜਿਸ ਨੂੰ ਲੈ ਕੇ ਪੰਚਾਇਤ ਵਿਭਾਗ ਅੱਖਾਂ ਬੰਦ ਕਰ ਰਿਹਾ ਹੈ ਅਤੇ ਸਿਆਸੀ ਦਬਾਅ ਹੇਠ ਅਦਾਲਤੀ ਕੇਸ ਦੇ ਬਾਵਜੂਦ ਕਾਹਲੀ ਕਾਹਲੀ ਵਿੱਚ ਗਲੀ ਬਣਾਈ ਜਾ ਰਹੀ ਹੈ। ਇਸ ਮੌਕੇ ਬਲਵਿੰਦਰ ਸਿੰਘ ਸਾਬਕਾ ਪੰਚਾਇਤ ਮੈਂਬਰ ਮਾਣਕਪੁਰ ਕੱਲਰ , ਅੱਤਿਆਚਾਰ ਅਤੇ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਪੰਜਾਬ ਦੇ ਪ੍ਰਧਾਨ ਬਲਵਿੰਦਰ ਸਿੰਘ ਕੁੰਭੜਾ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਆਮ ਆਦਮੀ ਪਾਰਟੀ ਪੰਜਾਬ ਦੇ ਪੰਚਾਇਤ ਮੰਤਰੀ ਵੱਡੇ ਵੱਡੇ ਦਾਅਵੇ ਅਤੇ ਵਾਅਦੇ ਕਰਦੇ ਹਨ ਕਿ ਅਸੀਂ ਪੰਜਾਬ ਵਿੱਚ ਪੰਚਾਇਤੀ ਜ਼ਮੀਨਾਂ ਵੱਡੇ ਪੱਧਰ 'ਤੇ ਖਾਲੀ ਕਰਵਾ ਰਹੇ ਹਾਂ ਪਰ ਮੋਹਾਲੀ ਦੇ ਵਿਧਾਇਕ ਵੱਲੋਂ ਨਜਾਇਜ਼ ਕਬਜ਼ੇ ਹਟਾਉਣ ਦੀ ਬਜਾਏ ਇਸ ਗਲੀ ਨੂੰ ਪੱਕਾ ਕੀਤਾ ਜਾ ਰਿਹਾ ਹੈ, ਜਿਸ ਦੀ ਮਿਸਾਲ ਪਿੰਡ ਮਾਣਕਪੁਰ ਕੱਲਰ ਤੋਂ ਮਿਲਦੀ ਹੈ। ਉਨ੍ਹਾਂ ਕਿਹਾ ਕਿ ਸੁਖਪਾਲ ਸਿੰਘ ਵੱਲੋਂ ਕੀਤੇ ਨਜਾਇਜ਼ ਕਬਜ਼ੇ ਹਟਾਉਣ ਲਈ ਪਿਛਲੀ ਸਰਕਾਰ ਦੇ ਮੁੱਖ ਮੰਤਰੀ ਦੇ ਦਫਤਰ ਵੀ ਪਹੁੰਚ ਕੀਤੀ ਗਈ ਸੀ ਪਰ ਅੱਜ ਤੱਕ ਕਿਸੇ ਨੇ ਪਰਵਾਹ ਨਹੀਂ ਕੀਤੀ। ਉਸ ਨੇ ਦੱਸਿਆ ਕਿ 17 ਫਰਵਰੀ 2023 ਨੂੰ ਸਰਪੰਚ ਕਰਮ ਸਿੰਘ ਨੇ ਦੱਸਿਆ ਕਿ ਉਸ 'ਤੇ ਗਲੀ ਦੀ ਉਸਾਰੀ ਕਰਵਾਉਣ ਲਈ ਦਬਾਅ ਪਾਇਆ ਜਾ ਰਿਹਾ ਹੈ, ਤੁਸੀਂ ਲੋਕ ਅਦਾਲਤੀ ਕੇਸ ਦੀ ਕਾਪੀ ਲੈ ਕੇ ਡਾਇਰੈਕਟਰ ਪੰਚਾਇਤ ਨੂੰ ਮਿਲੋ, ਜਦਕਿ ਅਸੀਂ ਹੱਥੀਂ ਦਰਖਾਸਤ ਦੇਣ ਦੇ ਬਾਵਜੂਦ 21 ਫਰਵਰੀ 2023 ਨੂੰ ਅਸੀਂ ਬੀ ਡੀ ਪੀ ਓ ਮੋਹਾਲੀ ਨੂੰ ਜਾ ਕੇ ਸਾਰੀ ਗੱਲ ਤੋਂ ਜਾਣੂ ਕਰਵਾਇਆ ਅਤੇ ਸਾਨੂੰ ਨਜਾਇਜ਼ ਕਬਜ਼ਿਆਂ ਨੂੰ ਹਟਾ ਕੇ ਗਲੀ ਬਣਾਉਣ 'ਤੇ ਕੋਈ ਇਤਰਾਜ਼ ਨਹੀਂ ਹੈ। ਪਰ 2 ਮਾਰਚ 2023 ਨੂੰ ਗਲੀ ਦਾ ਕੰਮ ਸ਼ੁਰੂ ਕਰਵਾ ਦਿੱਤਾ ਗਿਆ ਅਤੇ ਸੁਖਪਾਲ ਸਿੰਘ ਵੱਲੋਂ ਕੀਤੇ ਗਏ ਨਜਾਇਜ਼ ਕਬਜ਼ੇ ਨੂੰ ਖਾਲੀ ਨਹੀਂ ਕਰਵਾਇਆ ਗਿਆ। ਉਨ੍ਹਾਂ ਪੰਚਾਇਤ ਮੰਤਰੀ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਨ੍ਹਾਂ ਪੰਚਾਇਤ ਅਫਸਰਾਂ ਦੀ ਮਿਲੀਭੁਗਤ ਸਾਹਮਣੇ ਆਉਂਦੀ ਹੈ, ਉਨ੍ਹਾਂ ਖਿਲਾਫ ਤੁਰੰਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਬੀ ਡੀ ਪੀ ਓ ਮੁਹਾਲੀ, ਐਸ ਡੀ ਓ, ਜੇ ਈ ਅਤੇ ਪੰਚਾਇਤ ਵਿਭਾਗ ਦੇ ਪੰਚਾਇਤ ਸਕੱਤਰ ਤੋਂ ਇਲਾਵਾ ਅਦਾਲਤੀ ਕੇਸ ਹੋਣ ਕਾਰਨ ਮੌਜੂਦਾ ਸਰਪੰਚ ਨੇ ਅਦਾਲਤ ਦੀ ਪ੍ਰਵਾਹ ਨਹੀਂ ਕੀਤੀ। ਉਪਰੋਕਤ ਅਫਸਰਾਂ ਖਿਲਾਫ ਕੋਰਟ ਆਫ ਕੰਟੈਂਟ ਦਾਇਰ ਦਾਇਰ ਕੀਤਾ ਜਾਵੇਗਾ।

ਵੋਟਰ ਕਾਰਡ ਨੂੰ ਆਧਾਰ ਕਾਰਡ ਨਾਲ ਲਿੰਕ ਕਰਨ ਦੀ ਮੁਹਿੰਮ ਤਹਿਤ ਵਿਸ਼ੇਸ਼ ਕੈਂਪ ਅੱਜ

ਜਲੰਧਰ (ਸ਼ੈਲੀ ਐਲਬਰਟ)-ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਮੌਜੂਦਾ ਵੋਟਰ ਸੂਚੀ ਵਿੱਚ ਦਰਜ ਵੋਟਰਾਂ ਦੇ ਵੋਟਰ ਕਾਰਡ ਆਧਾਰ ਕਾਰਡ ਨਾਲ ਲਿੰਕ ਕਰਨ ਦੀ ਮੁਹਿੰਮ ਤਹਿਤ ਜ਼ਿਲ੍ਹੇ ਦੇ ਸਮੂਹ ਪੋਲਿੰਗ ਬੂਥਾਂ 'ਤੇ ਐਤਵਾਰ 5 ਮਾਰਚ ਨੂੰ ਵਿਸ਼ੇਸ਼ ਕੈਂਪ ਲਗਾਇਆ ਜਾਵੇਗਾ ।ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਜਸਪ੍ਰੀਤ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੈਂਪ ਵਾਲੇ ਦਿਨ ਜ਼ਿਲ੍ਹੇ ਦੇ ਸਮੂਹ ਬੂਥ ਲੈਵਲ ਅਫ਼ਸਰ (ਬੀ.ਐਲ.ਓਜ਼) ਆਪਣੇ ਸਬੰਧਤ ਪੋਲਿੰਗ ਸਟੇਸ਼ਨਾਂ 'ਤੇ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਮੌਜੂਦ ਰਹਿ ਕੇ ਵੋਟਰਾਂ ਪਾਸੋਂ ਆਧਾਰ ਸਬੰਧੀ ਜਾਣਕਾਰੀ ਫਾਰਮ 6-ਬੀ ਵਿੱਚ ਇਕੱਤਰ ਕਰਨਗੇ। ਉਨ੍ਹਾਂ ਦੱਸਿਆ ਕਿ ਮੌਜੂਦਾ ਵੋਟਰ ਸੂਚੀ ਵਿੱਚ ਦਰਜ ਵੋਟਰਾਂ ਵੱਲੋਂ ਆਪਣੇ ਵੋਟਰ ਕਾਰਡ ਨੂੰ ਆਧਾਰ ਕਾਰਡ ਨਾਲ ਲਿੰਕ ਕਰਵਾਉਣ ਲਈ ਫਾਰਮ 6-ਬੀ ਸਬੰਧਤ ਈ.ਆਰ.ਓ/ਬੀ.ਐਲ.ਓ. ਨੂੰ ਦਸਤੀ ਜਮ੍ਹਾ ਕਰਵਾਇਆ ਜਾ ਸਕਦਾ ਹੈ, ਜਿਸ ਨੂੰ ਸਬੰਧਤ ਬੀ.ਐਲ.ਓ. ਵੱਲੋਂ ਗਰੁੜਾ ਐਪ ਰਾਹੀਂ ਪ੍ਰੋਸੈਸ ਕੀਤਾ ਜਾਵੇਗਾ।।ਉਨ੍ਹਾਂ ਅੱਗੇ ਦੱਸਿਆ ਕਿ ਵੋਟਰ ਘਰ ਬੈਠੇ ਵੀ ਆਨਲਾਈਨ ਵੈਬ ਪੋਰਟਲ ਐਨ.ਵੀ.ਐਸ.ਪੀ., ਵੋਟਰ ਪੋਰਟਲ ਜਾਂ ਵੋਟਰ ਹੈਲਪਲਾਈਨ ਮੋਬਾਇਲ ਐਪ ਦੀ ਵਰਤੋਂ ਕਰਕੇ ਆਪਣੇ ਵੋਟਰ ਕਾਰਡ ਨੂੰ ਆਧਾਰ ਕਾਰਡ ਨਾਲ ਲਿੰਕ ਕਰ ਸਕਦੇ ਹਨ। ਉਨ੍ਹਾਂ ਸਪਸ਼ਟ ਕੀਤਾ ਕਿ ਆਧਾਰ ਕਾਰਡ ਦੀ ਜਾਣਕਾਰੀ ਸਾਂਝੀ ਕਰਨਾ ਵੋਟਰ ਦੀ ਸਵੈ-ਇੱਛਾ 'ਤੇ ਨਿਰਭਰ ਹੈ। ਜੇਕਰ ਕਿਸੇ ਵੋਟਰ ਕੋਲ ਆਧਾਰ ਕਾਰਡ ਨਹੀਂ ਹੈ ਜਾਂ ਉਹ ਆਪਣਾ ਆਧਾਰ ਕਾਰਡ ਨੰਬਰ ਦੇਣ ਦੇ ਸਮਰੱਥ ਨਹੀਂ ਹੈ ਤਾਂ ਉਹ ਆਪਣੀ ਵੋਟ ਦੀ ਪ੍ਰਮਾਣਿਕਤਾ ਲਈ ਫਾਰਮ-6 ਬੀ ਵਿੱਚ ਸੂਚੀਬੱਧ 11 ਦਸਤਾਵੇਜ਼ਾਂ ਵਿੱਚੋਂ ਇਕ ਦਸਤਾਵੇਜ਼ ਨੂੰ ਜਮ੍ਹਾ ਕਰਵਾ ਸਕਦਾ ਹੈ । ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਹੁਣ ਤੱਕ 1315804 ਵੋਟਰਾਂ ਦੇ ਵੋਟਰ ਕਾਰਡ ਆਧਾਰ ਕਾਰਡ ਨਾਲ ਲਿੰਕ ਕੀਤੇ ਜਾ ਚੁੱਕੇ ਹਨ। ਵਿਧਾਨ ਸਭਾ ਹਲਕਾ ਨਕੋਦਰ ਦੇ 165532 ਵੋਟਰਾਂ, ਫਿਲੌਰ ਦੇ 172417, ਕਰਤਾਰਪੁਰ ਦੇ 157457, ਸ਼ਾਹਕੋਟ ਦੇ 143806, ਜਲੰਧਰ ਪੱਛਮੀ ਦੇ 134131, ਜਲੰਧਰ ਕੇਂਦਰੀ ਦੇ 115391, ਜਲੰਧਰ ਉੱਤਰੀ ਦੇ 149332, ਜਲੰਧਰ ਕੈਂਟ ਦੇ 144448 ਅਤੇ ਆਦਮਪੁਰ ਹਲਕੇ ਦੇ 133290 ਵੋਟਰਾਂ ਦੇ ਵੋਟਰ ਕਾਰਡ ਅਧਾਰ ਨਾਲ ਲਿੰਕ ਕੀਤੇ ਜਾ ਚੁੱਕੇ ਹਨ। ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਵੋਟਰਾਂ ਨੂੰ ਕੈਂਪ ਵਿੱਚ ਵਧ-ਚੜ੍ਹ ਕੇ ਭਾਗ ਲੈਣ ਦੀ ਅਪੀਲ ਕੀਤੀ ॥

ਪੁਲਸ ਪ੍ਰਸ਼ਾਸਨ ਪੀੜਤ ਪਰਵਾਰ ਨੂੰ ਦਿਵਾਏ ਇਨਸਾਫ : ਮਨਜੀਤ ਬਾਲੀ

ਹੁਸ਼ਿਆਰਪੁਰ(ਓ ਪੀ ਰਾਣਾ)- ਥਾਣਾ ਬੁੱਲ੍ਹੋਵਾਲ ਦੇ ਪਿੰਡ ਸਾਦਾਰਾਈਆਂ ਵਿਖੇ ਲੰਘੇ ਦਿਨੀਂ ਹੋਈ ਨੌਜਵਾਨ ਦੀ ਮੌਤ ਸੰਬੰਧੀ ਮਨਜੀਤ ਬਾਲੀ ਮੈਂਬਰ ਡਾ. ਅੰਬੇਡਕਰ ਫਾਊਂਡੇਸ਼ਨ ਸਮਾਜਕ ਨਿਆਂ ਤੇ ਅਧਿਕਾਰਤ ਮੰਤਰਾਲਾ ਭਾਰਤ ਸਰਕਾਰ ਨੇ ਮ੍ਰਿਤਕ ਦੇ ਪਰਵਾਰਕ ਮੈਂਬਰਾਂ ਕੋਲ ਪਹੁੰਚ ਕੇ ਉਨ੍ਹਾਂ ਨੂੰ ਇਨਸਾਫ ਦਿਵਾਉਣ ਦਾ ਭਰੋਸਾ ਦਿੱਤਾ। ਇਸ ਮੌਕੇ ਮਨਜੀਤ ਬਾਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਗੁਰਜੀਤ ਸਿੰਘ ਪੁੱਤਰ ਮੋਹਣ ਲਾਲ ਵਾਸੀ ਸਾਦਾਰਾਈਆਂ ਜੋ ਕਿ ਲੰਘੀ 11 ਫਰਵਰੀ ਨੂੰ ਘਰੋਂ ਲਾਪਤਾ ਹੋਇਆ ਸੀ, ਦੀ ਲਾਸ਼ ਸ਼ੱਕੀ ਹਾਲਾਤ ਵਿੱਚ 15 ਫਰਵਰੀ ਨੂੰ ਨੇੜਲੇ ਪਿੰਡ ਦੇ ਚੋਅ ਦੇ ਬੰਨ੍ਹ 'ਤੋਂ ਮਿਲੀ ਸੀ। ਪਰ ਤਕਰੀਬਨ ਦੋ ਹਫਤੇ ਬੀਤਣ ਤੋਂ ਬਾਅਦ ਵੀ ਮ੍ਰਿਤਕ ਦੇ ਪਰਵਾਰਕ ਮੈਂਬਰ ਇਨਸਾਫ ਲਈ ਠੋਕਰਾਂ ਖਾ ਰਹੇ ਹਨ। ਮਨਜੀਤ ਬਾਲੀ ਨੇ ਇਸ ਮਾਮਲੇ ਨੂੰ ਲੈ ਕੇ ਥਾਣਾ ਬੁੱਲ੍ਹੋਵਾਲ ਦੇ ਸੰਬੰਧਤ ਆਈ ਓ ਨਾਲ ਵੀ ਗੱਲਬਾਤ ਕਰਕੇ ਤਾਜ਼ਾ ਸਥਿਤੀ ਦੀ ਜਾਣਕਾਰੀ ਲਈ। ਮਨਜੀਤ ਬਾਲੀ ਨੇ ਪੀੜਤ ਪਰਵਾਰ ਨੂੰ ਭਰੋਸਾ ਦਿਵਾਉਂਦੇ ਹੋਏ ਕਿਹਾ ਕਿ ਕੇਂਦਰ ਸਰਕਾਰ ਹਮੇਸ਼ਾ ਹੀ ਹਰੇਕ ਨਾਗਰਿਕ ਦੇ ਇਨਸਾਫ ਲਈ ਖੜ੍ਹੀ ਹੈ ਤੇ ਉਹ ਇਹ ਮਾਮਲੇ ਰਾਸ਼ਟਰੀ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਵਿਜੈ ਸਾਂਪਲਾ ਦੇ ਵੀ ਧਿਆਨ ਵਿੱਚ ਲਿਆਉਣਗੇ । ਇਸ ਮੌਕੇ ਮਲਕੀਤ ਸਿੰਘ, ਬਲਵਿੰਦਰ ਟੂਰਾ ਸਾਬਕਾ ਸਰਪੰਚ ਗਗਨੌਲੀ, ਅਜੀਤ ਸਿੰਘ, ਰਣਜੀਤ ਕੁਮਾਰ ਬਬਲੂ, ਸਤਪਾਲ ਸਿੰਘ, ਸਤਪਾਲ ਜੱਖੂ, ਬਲਵਿੰਦਰਜੀਤ ਸਰਪੰਚ ਤੱਲ੍ਹਣ, ਨਿਰਮਲ ਦਾਸ ਚਾਹਲ, ਬਲਵਿੰਦਰ ਸਿੰਘ ਬਾਲੂ ਆਦਿ ਵੀ ਹਾਜ਼ਰ ਸਨ।

ਸਤ ਨਾਰਾਇਣ ਮੰਦਰ ਵਿਖੇ ਮੂਰਤੀ ਸਥਾਪਨਾ ਦਿਵਸ 8 ਨੂੰ

ਨੂਰਪੁਰਬੇਦੀ, (ਸੁਰਜੀਤ ਸਿੰਘ ਕਾਹਲੋਂ)-ਸਤ ਨਾਰਾਇਣ ਮੰਦਰ ਨੂਰਪੁਰਬੇਦੀ ਵਿਖੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ 8 ਮਾਰਚ ਨੂੰ 5ਵਾਂ ਮੂਰਤੀ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਹੈ। ਇਸ ਦੌਰਾਨ ਬ੍ਰਹਮਲੀਨ ਰਾਸ਼ਟਰੀ ਸੰਤ ਮਹੰਤ ਮੋਹਨ ਗਿਰੀ ਸਰਥਲੀ ਵਾਲਿਆਂ ਅਤੇ ਬ੍ਰਹਮਲੀਨ ਮਹੰਤ ਬੁੱਧ ਗਿਰੀ ਦੀ ਸਾਲਾਨਾ ਬਰਸੀ ਵੀ ਸ਼ਰਧਾਪੂਰਵਕ ਮਨਾਈ ਜਾ ਰਹੀ ਹੈ। ਮੰਦਰ ਪ੍ਰਬੰਧਕਾਂ ਨੇ ਦੱਸਿਆ ਕਿ ਧਾਰਮਿਕ ਸਮਾਗਮਾਂ ਦੀ ਲੜੀ ਤਹਿਤ 7 ਮਾਰਚ ਨੂੰ ਮੰਦਰ ਵਿਖੇ ਰਾਮਾਇਣ ਦਾ ਪਾਠ ਆਰੰਭ ਹੋਵੇਗਾ,ਜਿਸ ਦਾ 8 ਮਾਰਚ ਨੂੰ ਭੋਗ ਪਾਇਆ ਜਾਵੇਗਾ। ਇਸ ਮੌਕੇ ਹਵਨ ਯੱਗ 'ਚ ਸੰਗਤਾਂ ਵੱਲੋਂ ਪੂਰਨ ਆਹੂਤੀਆਂ ਪਾਈਆਂ ਜਾਣਗੀਆਂ ਅਤੇ ਰਾਮ ਚੰਦ ਐਂਡ ਪਾਰਟੀ ਵੱਲੋਂ ਧਾਰਮਿਕ ਪ੍ਰੋਗਰਾਮ ਪੇਸ਼ ਕੀਤਾ ਜਾਵੇਗਾ। ਇਸ ਮੌਕੇ ਸੰਗਤ ਲਈ ਭੰਡਾਰੇ ਦਾ ਵੀ ਆਯੋਜਨ ਕੀਤਾ ਜਾਵੇਗਾ।

ਪੰਕਜ ਢੀਂਗਰਾ ਜਲੰਧਰ ਦਿਹਾਤੀ (ਦੱਖਣੀ) ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ

ਜਲੰਧਰ (ਸੁਰਿੰਦਰ ਕੁਮਾਰ)- ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਵੱਲੋਂ ਜਲੰਧਰ ਦਿਹਾਤੀ (ਦੱਖਣੀ) ਵਿੱਚ ਭਾਜਪਾ ਦੀਆਂ ਗਤੀਵਿਧੀਆਂ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਭਾਜਪਾ ਦੇ ਸੂਬਾਈ ਜਨਰਲ ਸਕੱਤਰ ਜੀਵਨ ਗੁਪਤਾ ਨੇ ਇਸ ਸੰਬੰਧੀ ਜਾਰੀ ਕੀਤੇ ਪ੍ਰੈੱਸ ਬਿਆਨ 'ਚ ਦੱਸਿਆ ਕਿ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਨੇ ਜਲੰਧਰ ਦਿਹਾਤੀ (ਦੱਖਣੀ) 'ਚ ਸੰਗਠਨ ਦੇ ਕੰਮਕਾਜ ਦੀ ਨਿਗਰਾਨੀ ਕਰਨ ਅਤੇ ਪਾਰਟੀ ਦੇ ਕੰਮ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਜ਼ਿਲ੍ਹਾ ਪ੍ਰਧਾਨ ਪੰਕਜ ਢੀਂਗਰਾ ਨੂੰ ਨਿਯੁਕਤ ਕੀਤਾ ਹੈ। ਜੀਵਨ ਗੁਪਤਾ ਨੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਪੰਕਜ ਢੀਂਗਰਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਪਿਛਲੇ ਲੰਮੇ ਸਮੇਂ ਤੋਂ ਪਾਰਟੀ ਨਾਲ ਜੁੜੇ ਹੋਏ ਹਨ ਅਤੇ ਅੱਜ ਵੱਖ-ਵੱਖ ਅਹੁਦਿਆਂ 'ਤੇ ਜਥੇਬੰਦੀ ਵੱਲੋਂ ਦਿੱਤੀ ਗਈ ਜ਼ਿੰਮੇਵਾਰੀ ਨੂੰ ਨਿਭਾਉਂਦੇ ਹੋਏ ਪਾਰਟੀ ਵਿੱਚ ਵਰਕਰ ਤੋਂ ਲੈ ਕੇ ਅੱਜ ਜ਼ਿਲ੍ਹਾ ਪ੍ਰਧਾਨ ਦੇ ਅਹੁਦੇ 'ਤੇ ਨਿਯੁਕਤ ਹੋਏ ਹਨ। ਪੰਕਜ ਢੀਂਗਰਾ ਪਾਰਟੀ ਵੱਲੋਂ ਦਿੱਤੀ ਗਈ ਇਸ ਨਵੀਂ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ ਅਤੇ ਪੂਰੀ ਤਨਦੇਹੀ ਨਾਲ ਕੰਮ ਕਰਦੇ ਹੋਏ ਜਥੇਬੰਦੀ ਨੂੰ ਹੋਰ ਮਜ਼ਬੂਤ ਕਰਦਿਆਂ ਆਉਣ ਵਾਲੀਆਂ ਚੋਣਾਂ ਵਿੱਚ ਪਾਰਟੀ ਵੱਲੋਂ ਚੋਣ ਮੈਦਾਨ ਵਿੱਚ ਉਤਾਰੇ ਉਮੀਦਵਾਰਾਂ ਨੂੰ ਜੇਤੂ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਉਣਗੇ।

ਰਿਆਤ ਬਾਹਰਾ 'ਚ ਸ੍ਰੀ ਗੁਰੂ ਰਵਿਦਾਸ ਜੀ ਦਾ ਪ੍ਰਕਾਸ਼ ਪੁਰਬ ਮਨਾਇਆ

ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)-ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ ਪ੍ਰਕਾਸ਼ ਪੁਰਬ ਰਿਆਤ ਬਾਹਰਾ ਵਿੱਚ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਸੰਬੰਧੀ ਕਰਵਾਏ ਗਏ ਧਾਰਮਿਕ ਪ੍ਰੋਗਰਾਮ ਦੌਰਾਨ ਕੈਂਪਸ ਦੇ ਸਮੂਹ ਕਾਲਜਾਂ ਦੇ ਪ੍ਰਿੰਸੀਪਲਾਂ, ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਸ੍ਰੀ ਗੁਰੂ ਰਵਿਦਾਸ ਜੀ ਦੀ ਤਸਵੀਰ ਅੱਗੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਮੱਥਾ ਟੇਕਿਆ। ਸਾਰਿਆਂ ਨੇ ਵਿਸ਼ਵ ਸ਼ਾਂਤੀ ਅਤੇ ਸਾਰਿਆਂ ਦੇ ਜੀਵਨ ਵਿੱਚ ਖੁਸ਼ਹਾਲੀ ਲਈ ਅਰਦਾਸ ਕੀਤੀ। ਇਸ ਮੌਕੇ ਕੈਂਪਸ ਡਾਇਰੈਕਟਰ ਡਾ. ਚੰਦਰ ਮੋਹਨ ਨੇ ਵਿਦਿਆਰਥੀਆਂ ਨੂੰ ਸ੍ਰੀ ਗੁਰੂ ਰਵਿਦਾਸ ਜੀ ਅਤੇ ਉਨ੍ਹਾਂ ਦੇ ਜੀਵਨ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਗੁਰੂ ਰਵਿਦਾਸ ਉਨ੍ਹਾਂ ਮਹਾਂਪੁਰਖਾਂ ਵਿਚੋਂ ਮੋਹਰੀ ਸਨ ਜਿਨ੍ਹਾਂ ਨੇ ਆਪਣੀਆਂ ਰਚਨਾਵਾਂ ਰਾਹੀਂ ਸਮਾਜ ਵਿੱਚ ਫੈਲੀਆਂ ਬੁਰਾਈਆਂ ਨੂੰ ਦੂਰ ਕਰਨ ਵਿੱਚ ਅਹਿਮ ਯੋਗਦਾਨ ਪਾਇਆ। ਇਸ ਮੌਕੇ ਖੀਰ ਦਾ ਪ੍ਰਸ਼ਾਦ ਵੀ ਵੰਡਿਆ ਗਿਆ। ਇਸ ਮੌਕੇ ਡਾ. ਹਰਿੰਦਰ ਗਿੱਲ, ਕੁਲਦੀਪ ਰਾਣਾ, ਹਰਿੰਦਰ ਜਸਵਾਲ, ਗੁਰਪ੍ਰੀਤ ਬੇਦੀ, ਸੀ ਵੀ ਜੋਸ਼ੀ, ਚਰਨਪ੍ਰੀਤ ਚੰਨੀ, ਚਿਰਾਗ ਤੋਂ ਇਲਾਵਾ ਕੈਂਪਸ ਦੇ ਸਮੂਹ ਸਟਾਫ਼ ਨੇ ਗੁਰੂ ਸਾਹਿਬ ਅੱਗੇ ਮੱਥਾ ਟੇਕਿਆ।

ਸਵਰਨ ਸਿੰਘ ਨਮਿਤ ਪਾਠ ਦਾ ਭੋਗ ਕੱਲ੍ਹ

ਫਿਲੌਰ (ਬੀ ਐਸ ਕੈਨੈਡੀ)- ਰੇਲਵੇ ਦੇ ਸਾਬਕਾ ਮੁਲਾਜਮ ਕਮਲਜੀਤ ਸਿੰਘ ਧੁਲੇਤਾ ਨੂੰ ਉਸ ਸਮੇਂ ਗਹਿਰਾ ਸਦਮਾ ਲਗਾ ਜਦੋਂ ਉਹਨਾਂ ਦੇ ਪਿਤਾ ਸਵਰਨ ਸਿੰਘ ਦਾ ਦਿਹਾਂਤ ਹੋ ਗਿਆ। ਉਹਨਾਂ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 6 ਮਾਰਚ ਨੂੰ ਗੁਰਦੁਆਰਾ ਬਾਬਾ ਸੇਵਾ ਸਿੰਘ ਪਿੰਡ ਧੁਲੇਤਾ ਵਿਖੇ 12 ਤੋਂ 2 ਵਜੇ ਹੋਣਗੇ।

ਲੁੱਟ-ਖੋਹ ਕਰਨ ਵਾਲੇ ਗਰੋਹ ਦਾ ਇੱਕ ਮੁਲਜ਼ਮ ਪੁਲਸ ਅੜਿੱਕੇ

ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ) ਏ. ਐਸ. ਆਈ.ਅਨਿਲ ਕੁਮਾਰ ਚੌਕੀ ਇੰਚਾਰਜ ਅਜਨੋਹਾ ਨੇ ਭੂਸ਼ਣ ਕੁਮਾਰ ਪੁੱਤਰ ਵਰਿੰਦਰ ਕੁਮਾਰ ਵਾਸੀ ਪਿੰਡ ਠੱਕਰਵਾਲ, ਥਾਣਾ ਮੇਹਟੀਆਣਾ, ਜ਼ਿਲ੍ਹਾ ਹੁਸ਼ਿਆਰਪੁਰ ਨੂੰ ਗ੍ਰਿਫ਼ਤਾਰ ਕੀਤਾ ਹੈ। ਜਿਸ ਨੇ ਪੁੱਛ ਗਿੱਛ ਦੌਰਾਨ ਮੰਨਿਆ ਹੈ ਕਿ ਉਸ ਨੇ ਬੀਤੀ 22 ਫਰਵਰੀ ਨੂੰ ਆਪਣੇ ਇੱਕ ਹੋਰ ਸਾਥੀ ਅਮਰੀਕ ਸਿੰਘ ਉਰਫ

5-MAR-PAGE-8.qxd 3/4/2023 10:24 PM Page 1

ਮਜ਼ਦੂਰ ਆਗੂਆਂ ਨੂੰ ਹਿਰਾਸਤ 'ਚ ਲੈਣ 'ਤੇ ਥਾਣਾ ਸਦਰ ਦਾ ਘੇਰਾਓ

ਮਜ਼ਦੂਰਾਂ ਨੇ ਪੁਲਸ ਖਿਲਾਫ ਕੀਤੀ ਜੰਮ ਕੇ ਨਾਅਰੇਬਾਜ਼ੀ

ਫਾਜ਼ਿਲਕਾ (ਕ੍ਰਿਸ਼ਨ ਸਿੰਘ)-ਪਿਛਲੇ ਕਈ ਦਿਨਾਂ ਤੋਂ ਫਾਜ਼ਿਲਕਾ ਦੇ ਨੇੜੇ ਦੇ ਪਿੰਡ ਬਾਧਾ 'ਚ ਚੱਲ ਰਹੀ ਸਰਕਾਰੀ ਰੇਤੇ ਦੀ ਖੱਡ ਵਿੱਚ ਮਜ਼ਦੂਰਾਂ ਦੇ ਕੰਮ ਕਰਨ ਲੈ ਕੇ ਚੱਲ ਰਿਹਾ ਆਪਸੀ ਵਿਵਾਦ ਰੁਕਣ ਦਾ ਨਾਮ ਹੀ ਨਹੀਂ ਲੈ ਰਿਹਾ। ਇਹ ਵਿਵਾਦ ਉਦੋਂ ਹੋਰ ਭਖ ਗਿਆ, ਜਦੋਂ ਮਜ਼ਦੂਰਾਂ ਦੇ ਇਕ ਧੜੇ ਦੇ 6 ਆਗੂਆਂ ਨੂੰ ਪੁਲਸ ਨੇ ਆਪਣੀ ਹਿਰਾਸਤ ਵਿੱਚ ਲੈ ਲਿਆ, ਜਿਸ ਤੋਂ ਬਾਅਦ ਮਜ਼ਦੂਰਾਂ ਵੱਲੋਂ ਸੀ ਪੀ ਆਈ ਦੇ ਮਜ਼ਦੂਰ ਆਗੂਆਂ ਦੀ ਅਗਵਾਈ ਹੇਠ ਥਾਣਾ ਸਦਰ ਫਾਜ਼ਿਲਕਾ ਦਾ ਘੇਰਾਓ ਕਰ ਦਿੱਤਾ ਗਿਆ। ਇਸ ਦੌਰਾਨ ਉਨ੍ਹਾਂ ਵੱਲੋਂ ਪੁਲਸ ਦੇ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਮਜ਼ਦੂਰਾਂ ਵੱਲੋਂ ਕਰੀਬ 4 ਘੰਟੇ ਧਰਨਾ ਪ੍ਰਦਰਸ਼ਨ ਕਰਨ ਤੋਂ ਬਾਅਦ ਪੁਲਸ ਵੱਲੋਂ ਹਿਰਾਸਤ 'ਚ ਲਏ ਹੋਏ 6 ਆਗੂਆਂ ਨੂੰ ਰਿਹਾਅ ਕਰ ਦਿੱਤਾ ਗਿਆ, ਜਿਸ ਤੋਂ ਬਾਅਦ ਮਜ਼ਦੂਰਾਂ ਵੱਲੋਂ ਰਿਹਾਅ ਕੀਤੇ ਗਏ ਆਗੂਆਂ ਦੇ ਗਲ ਵਿੱਚ ਹਾਰ ਪਾ ਕੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ।

ਇਸ ਮੌਕੇ ਜਾਣਕਾਰੀ ਦਿੰਦੇ ਮਜ਼ਦੂਰ ਆਗੂ ਕਾਮਰੇਡ ਸੁਰਿੰਦਰ ਢੰਡੀਆਂ, ਕਾਮਰੇਡ ਸੁਬੇਗ ਸਿੰਘ ਤੇ ਹੋਰਨਾਂ ਨੇ ਦੱਸਿਆ ਕਿ ਫਾਜ਼ਿਲਕਾ ਵਿੱਚ ਚੱਲ ਰਹੀ ਰੇਤ ਦੀ ਖੱਡ ਵਿੱਚ ਮਜ਼ਦੂਰਾਂ ਦੇ ਇੱਕ ਧੜੇ ਦੇ ਆਗੂਆਂ ਵੱਲੋਂ ਮਜ਼ਦੂਰਾਂ ਨੂੰ ਮਿਲਣ ਵਾਲੀ 4 ਰੁਪਏ ਪ੍ਰਤੀ ਸਕੇਅਰ ਫੁੱਟ ਮਜ਼ਦੂਰੀ ਵਿੱਚੋਂ ਇੱਕ ਰੁਪਿਆ ਕੱਟ ਕੇ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਗਦੀਸ਼ ਸਿੰਘ ਮਨਸਾ ਨਾਮਕ ਇੱਕ ਆਗੂ ਹੈ, ਜੋ ਕਿ ਇੱਕ ਦਲਾਲ ਦੇ ਰੂਪ ਵਿੱਚ ਕਿਸਾਨ ਨੇਤਾ ਹੈ, ਉਸ ਦੀ ਕਥਿਤ ਮਿਲੀਭਗਤ ਨਾਲ ਇਹ ਸਭ ਕੁੱਝ ਹੋ ਰਿਹਾ ਹੈ। ਉਨ੍ਹਾਂ ਇਹ ਵੀ ਕਥਿਤ ਦੋਸ਼ ਲਗਾਇਆ ਕਿ ਉਕਤ ਦਲਾਲ ਆਗੂ ਵੱਲੋਂ ਕੁੱਝ ਅਧਿਕਾਰੀਆਂ ਨਾਲ ਕਥਿਤ ਮਿਲੀਭੁਗਤ ਕਰਕੇ ਮਜ਼ਦੂਰਾਂ ਦੇ ਹੱਕਾਂ ਨੂੰ ਮਾਰਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਉਹ ਕਿਸੇ ਵੀ ਮਜ਼ਦੂਰ ਨਾਲ ਕੋਈ ਵੀ ਧੱਕਾ ਨਹੀਂ ਹੋਣ ਦੇਣਗੇ, ਜਿਸ ਦੇ ਚਲਦਿਆਂ ਹੀ ਉਹ ਆਪਣੇ ਮਜ਼ਦੂਰਾਂ ਦੇ ਹੱਕਾਂ ਲਈ ਲੜਾਈ ਲੜ ਰਹੇ ਸਨ, ਪਰ ਪੁਲਸ ਵੱਲੋਂ ਉਨ੍ਹਾਂ ਨੂੰ ਨਜਾਇਜ਼ ਹਿਰਾਸਤ ਵਿੱਚ ਲਿਆ ਗਿਆ। ਉਨ੍ਹਾਂ ਕਿਹਾ ਕਿ ਉਹ ਇਸ ਤਰ੍ਹਾਂ ਪੁਲਸ ਦੀ ਧੱਕੇਸ਼ਾਹੀ ਤੋਂ ਨਹੀਂ ਡਰਨਗੇ ਤੇ ਮਜ਼ਦੂਰਾਂ ਦੇ ਹੱਕਾਂ ਲਈ ਲੜਦੇ ਰਹਿਣਗੇ।

ਜਦੋਂ ਇਸ ਬਾਰੇ ਐੱਸ ਐੱਚ ਓ ਥਾਣਾ ਸਦਰ ਫਾਜ਼ਿਲਕਾ ਜਤਿੰਦਰ ਸਿੰਘ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮਜ਼ਦੂਰ ਆਗੂਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ, ਪਰ ਹੁਣ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ ਹੈ।

ਇਸ ਬਾਰੇ ਜਦੋਂ ਜਦੋਂ ਕਿਸਾਨ ਮਜ਼ਦੂਰ ਆਗੂ ਜਗਦੀਸ਼ ਸਿੰਘ ਮਨਸਾ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਸਾਰੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਉਹ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਪ੍ਰਧਾਨ ਹਨ ਤੇ ਉਹ ਪਿਛਲੇ ਕਈ ਦਿਨਾਂ ਤੋਂ ਰੇਤੇ ਦੀ ਖੱਡ 'ਤੇ ਹੀ ਨਹੀਂ ਗਏ। ਉਨ੍ਹਾ ਕਿਹਾ ਕਿ ਉਹ ਇੱਕ ਇਮਾਨਦਾਰ ਵਿਅਕਤੀ ਹਨ ਅਤੇ ਹਮੇਸ਼ਾ ਹੀ ਇਮਾਨਦਾਰੀ 'ਤੇ ਚੱਲਦੇ ਹਨ। ਉਨ੍ਹਾ ਕਿਹਾ ਕਿ ਜੇਕਰ ਅੱਜ ਤੱਕ ਉਨ੍ਹਾਂ ਕੋਈ ਰੁਪਇਆ ਵੀ ਖਾਧਾ ਹੈ ਤੇ ਜੋ ਉਨ੍ਹਾਂ 'ਤੇ ਬੇਬੁਨਿਆਦ ਦੋਸ਼ ਲਗਾ ਰਹੇ ਹਨ, ਉਹ ਇਹ ਗੱਲ ਸਾਬਿਤ ਕਰਨ।

ਐੱਫ ਸੀ ਆਈ 'ਚ ਮਜ਼ਦੂਰੀ ਕਰਦੇ ਵਿਅਕਤੀ ਦੀ ਬੋਰੀਆਂ ਚੁੱਕਦੇ ਹੋਈ ਮੌਤ

ਯੂਨੀਅਨ ਆਗੂਆਂ ਵੱਲੋਂ ਮ੍ਰਿਤਕ ਦੇ ਪਰਵਾਰ ਨੂੰ ਮੁਆਵਜ਼ਾ ਤੇ ਨੌਕਰੀ ਦੇਣ ਦੀ ਮੰਗ

ਮਲੋਟ, (ਗੁਰਮੀਤ ਸਿੰਘ ਮੱਕੜ) : ਸਥਾਨਕ ਐੱਫ.ਸੀ.ਆਈ. ਵਿੱਚ ਪੱਕੇ ਤੌਰ 'ਤੇ ਇੱਕ ਮਜ਼ਦੂਰੀ ਕਰਨ ਵਾਲੇ ਵਿਅਕਤੀ ਦਾ ਕੰਮ ਕਰਦੇ ਸਮੇਂ ਮੌਤ ਹੋ ਗਈ।

ਮ੍ਰਿਤਕ ਸੁਰਮਾ ਸਿੰਘ ਵਾਸੀ ਗੁਰੂ ਹਰਸਹਾਏ, ਜੋ 52 ਸਾਲ ਦਾ ਸੀ, ਮਲੋਟ ਦੇ ਗੋਦਾਮ ਵਿਖੇ ਚੌਲਾਂ ਦੀਆਂ ਬੋਰੀਆਂ ਉਤਾਰ ਰਿਹਾ ਸੀ, ਦੀ ਅਚਾਨਕ ਮੌਤ ਹੋ ਗਈ, ਜਿਸ ਦੀ ਪੁਸ਼ਟੀ ਡਾਕਟਰਾਂ ਵੱਲੋਂ ਕਰ ਦਿੱਤੀ ਗਈ ਹੈ। ਸੁਰਮਾ ਸਿੰਘ ਦੇ ਸਾਥੀਆਂ ਨੇ ਮੰਗ ਕੀਤੀ ਹੈ ਕਿ ਉਸ ਨੂੰ ਮੁਆਵਜ਼ੇ ਦੇ ਨਾਲ ਉਸ ਦੇ ਪਰਿਵਾਰ ਨੂੰ ਉਸ ਦੀ ਥਾਂ 'ਤੇ ਨੌਕਰੀ ਜ਼ਰੂਰ ਦਿੱਤੀ ਜਾਵੇ। ਇਸ ਮੌਕੇ ਐੱਫ.ਸੀ.ਆਈ. ਵਿੱਚ ਕੰਮ ਕਰਦੇ ਯੂਨੀਅਨ ਦੇ ਆਗੂਆਂ ਨੇ ਦੱਸਿਆ ਕਿ ਉਹ ਗੁਰੂ ਹਰਸਹਾਏ ਦਾ ਰਹਿਣ ਵਾਲਾ ਸੀ ਤੇ ਬਹੁਤ ਹੀ ਚੰਗੇ ਸੁਭਾਅ ਦੇ ਨਾਲ ਨਾਲ ਆਪਣੀ ਡਿਊਟੀ ਪੂਰੀ ਤਨਦੇਹੀ ਨਾਲ ਕਰ ਰਿਹਾ ਸੀ ਅਤੇ ਅੱਜ ਜਦ ਉਹ ਬੋਰੀ ਚੁੱਕ ਕੇ ਲਿਜਾ ਰਿਹਾ ਸੀ ਤਾਂ ਉਹ ਬੇਹੋਸ਼ ਹੋ ਕੇ ਡਿੱਗ ਪਿਆ ਅਤੇ ਉਸ ਦੀ ਮੌਤ ਹੋ ਗਈ। ਬਲਬੀਰ ਸਿੰਘ, ਇੰਦਰ ਸਿੰਘ ਤੇ ਹੋਰ ਆਗੂਆਂ ਨੇ ਕਿਹਾ ਕਿ ਮ੍ਰਿਤਕ ਸੁਰਮਾ ਸਿੰਘ ਦੇ ਅਜੇ ਆਪਣੀ ਡਿਊਟੀ ਦੇ ਅੱਠ ਸਾਲ ਦੇ ਕਰੀਬ ਬਾਕੀ ਰਹਿੰਦਾ ਸੀ ਅਤੇ ਉਹ ਆਪਣੇ ਇਸ ਕੰਮ ਨਾਲ ਆਪਣੇ ਪਰਿਵਾਰ ਦਾ ਪਾਲਣ ਪੋਸ਼ਣ ਕਰ ਰਿਹਾ ਸੀ।

ਉਨ੍ਹਾਂ ਮੰਗ ਕੀਤੀ ਕਿ ਸੁਰਮਾ ਸਿੰਘ ਦੇ ਪਰਿਵਾਰ ਨੂੰ ਪਹਿਲਾਂ ਮ੍ਰਿਤਕਾਂ ਦੇ ਵਾਰਿਸਾਂ ਦੀ ਤਰ੍ਹਾਂ ਮੁਆਵਜ਼ਾ ਤੇ ਘਰ ਦੇ ਇੱਕ ਮੈਂਬਰ ਨੂੰ ਨੌਕਰੀ ਦਿੱਤੀ ਜਾਵੇ।

15 ਤੱਕ ਮੰਨੀਆਂ ਮੰਗਾਂ ਦਾ ਨੋਟੀਫਿਕੇਸ਼ਨ ਨਾ ਕੀਤਾ ਤਾਂ ਸੰਘਰਸ਼ ਵਿੱਢਾਂਗੇ : ਡੱਲੇਵਾਲ

ਸਮਰਾਲਾ (ਸੁਰਜੀਤ ਸਿੰਘ)-ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੀ ਪੰਜਾਬ ਪੱਧਰੀ ਮੀਟਿੰਗ ਜਗਜੀਤ ਸਿੰਘ ਡੱਲੇਵਾਲ ਦੀ ਅਗਵਾਈ ਵਿੱਚ ਹੋਈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਨਾਲ 18 ਅਪ੍ਰੈਲ 2022 ਤੋਂ ਸ਼ੁਰੂ ਹੋ ਕੇ ਵੱਖ-ਵੱਖ ਸਮੇਂ ਦੌਰਾਨ ਹੋਈਆਂ ਮੀਟਿੰਗਾਂ ਵਿੱਚ ਪੰਜਾਬ ਸਰਕਾਰ ਵੱਲੋਂ ਮੰਨੀਆਂ ਗਈਆਂ ਮੰਗਾਂ, ਜਿਸ ਵਿੱਚ ਜ਼ੁਮਲਾ ਮੁਸ਼ਤਰਕਾ ਮਾਲਕਾਨ ਤੇ ਅਬਾਦਕਾਰਾਂ ਨੂੰ ਜ਼ਮੀਨਾਂ ਦੇ ਮਾਲਕਾਨਾ ਹੱਕ ਦੇਣ ਦੀ ਮੰਗ, 2007 ਦੀ ਪਾਲਿਸੀ ਵਾਲੇ ਰੱਦ ਇੰਤਕਾਲ ਬਹਾਲ ਕਰਨ ਦੀ ਮੰਗ, ਖਰਾਬ ਹੋਈਆਂ ਫਸਲਾਂ ਝੋਨਾ, ਨਰਮਾ, ਕਿੰਨੂ ਤੇ ਬਾਸਮਤੀ ਆਦਿ ਦੀ ਮੁਆਵਜ਼ਾ ਰਾਸ਼ੀ 31 ਦਸੰਬਰ ਤੋਂ ਪਹਿਲਾਂ ਜਾਰੀ ਕਰਨੀ ਸੀ, ਜੋ ਨਹੀਂ ਕੀਤੀ ਗਈ, ਗੰਨੇ ਦੀ ਅਦਾਇਗੀ 14 ਦਿਨਾਂ ਵਿੱਚ ਕਰਨ ਦੀ ਮੰਗ ਜੋ ਨਹੀਂ ਕੀਤੀ ਗਈ, ਗੰਨਾ ਮਿੱਲਾਂ ਦੇ ਲੇਟ ਚੱਲਣ ਕਰਕੇ ਕਿਸਾਨਾਂ ਦੇ ਹੋਏ ਨੁਕਸਾਨ ਦੀ ਪੂਰਤੀ ਕਰਨ ਦੀ ਮੰਗ ਜੋ ਸਰਕਾਰ ਨੇ ਇੱਕ ਕਮੇਟੀ ਬਣਾ ਪੂਰਤੀ ਕਰਨ ਦੀ ਮੀਟਿੰਗ ਵਿੱਚ ਮੰਨੀ ਸੀ, ਲੰਮੇ ਸਮੇਂ ਤੋਂ ਬੰਦ ਪਈਆਂ ਸਹਿਕਾਰੀ ਖੰਡ ਮਿੱਲਾਂ ਨੂੰ ਮੁੜ ਚਲਾਉਣ ਦੀ ਮੰਗ, ਜਿਸ ਉੱਪਰ ਅਜੇ ਤੱਕ ਕੋਈ ਵੀ ਵਿਚਾਰ ਨਹੀ ਕੀਤਾ ਗਿਆ, ਸ਼ਹੀਦ ਕਿਸਾਨਾਂ ਦੇ ਪ੍ਰੀਵਾਰਾਂ ਨੂੰ ਨੌਕਰੀਆਂ ਤੇ ਮੁਆਵਜ਼ਾ ਦੇਣ ਦੀ ਮੰਗ ਜੋ ਕਿ ਬਹੁਤ ਸਾਰੇ ਪਰਿਵਾਰਾਂ ਨੂੰ ਨਹੀਂ ਮਿਲਿਆ, ਭਾਰਤ ਮਾਲਾ ਪ੍ਰੋਜੈਕਟ ਵਿੱਚ ਲਈ ਗਈ ਜ਼ਮੀਨ ਦਾ ਮੁਆਵਜ਼ਾ ਇਕਸਾਰ ਦੇਣ ਦੀ ਮੰਗ, ਗੁਰੂ ਕਾਸ਼ੀ ਯੂਨੀਵਰਸਿਟੀ ਵਿੱਚ ਧੋਖਾਧੜੀ ਦੇ ਦੋਸ਼ੀਆਂ ਖਿਲਾਫ ਐੱਫ ਆਈ ਆਰ ਤੇ ਡਿਗਰੀਆਂ ਵਾਲੇ ਬੱਚਿਆਂ ਦਾ ਭਵਿੱਖ ਸੁਰੱਖਿਅਤ ਕਰਨ ਦੀ ਮੰਗ ਅਤੇ ਅਵਾਰਾ ਪਸ਼ੂਆਂ ਤੇ ਕੁੱਤਿਆਂ ਵੱਲੋਂ ਮਨੁੱਖੀ ਜਾਨਾਂ ਨਾਲ ਖਿਲਵਾੜ ਕਰਨ ਦਾ ਸਿਲਸਲਾ ਵੀ ਉਸੇ ਤਰ੍ਹਾਂ ਜਾਰੀ ਹੈ। ਜਗਜੀਤ ਸਿੰਘ ਡੱਲੇਵਾਲ ਨੇ ਦੱਸਿਆ ਕਿ ਇਨ੍ਹਾਂ ਤਮਾਮ ਮੰਗਾਂ ਨੂੰ ਲੈ ਕੇ 1 ਮਾਰਚ ਨੂੰ ਚੰਡੀਗੜ੍ਹ ਵਿਖੇ ਸੰਯੁਕਤ ਕਿਸਾਨ ਮੋਰਚਾ ਗੈਰ ਰਾਜਨੀਤਕ ਦੀ ਹੋਈ ਮੀਟਿੰਗ ਵਿੱਚ ਪੰਜਾਬ ਸਰਕਾਰ ਨੂੰ ਰਿਮਾਈਂਡਰ ਦੇ ਕੇ 15 ਮਾਰਚ ਤੱਕ ਮੰਨੀਆਂ ਗਈਆਂ ਮੰਗਾਂ ਪ੍ਰਤੀ ਸਰਕਾਰ ਵੱਲੋਂ ਕੀਤੀ ਕਾਰਵਾਈ ਦਾ ਲਿਖਤੀ ਜਵਾਬ ਮੰਗਿਆ ਗਿਆ ਹੈ ਅਤੇ ਜੇਕਰ ਸਰਕਾਰ ਵੱਲੋਂ 15 ਮਾਰਚ ਤੱਕ ਇਨ੍ਹਾ ਮੰਨੀਆਂ ਮੰਗਾਂ ਸੰਬੰਧੀ ਲਿਖਤ ਵਿੱਚ ਜਾਣਕਾਰੀ ਜਾਂ ਨੋਟੀਫਿਕੇਸ਼ਨ ਜਾਰੀ ਨਹੀਂ ਕੀਤੇ ਜਾਂਦੇ ਤਾਂ ਸੰਯੁਕਤ ਕਿਸਾਨ ਮੋਰਚਾ ਗੈਰ-ਰਾਜਨੀਤਕ ਦੀ 15 ਮਾਰਚ ਨੂੰ ਚੰਡੀਗੜ੍ਹ ਵਿਖੇ ਹੋ ਰਹੀ ਮੀਟਿੰਗ ਵਿੱਚ ਅੰਦੋਲਨ ਦੀ ਅਗਲੇਰੀ ਰੂਪ-ਰੇਖਾ ਤਿਆਰ ਕਰਕੇ ਪੰਜਾਬ ਸਰਕਾਰ ਵੱਲੋਂ ਕੀਤੇ ਗਏ ਵਿਸ਼ਵਾਸਘਾਤ ਦੇ ਰੋਸ ਵਜੋਂ ਅਤੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਦਿਵਾਉਣ ਲਈ ਅੰਦੋਲਨ ਦੀ ਅਗਲੀ ਰੂਪ ਰੇਖਾ ਤਿਆਰ ਕੀਤੀ ਜਾਵੇਗੀ।

7 ਮਾਰਚ ਨੂੰ ਦਿੱਲੀ ਵਿਖੇ ਕੀਤੀ ਜਾ ਰਹੀ ਕਨਵੈਨਸ਼ਨ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਕਿ 7 ਮਾਰਚ ਨੂੰ ਲੋਕਾਂ ਨੂੰ ਸੰਸਾਰ ਵਪਾਰ ਸੰਸਥਾ ਦੀਆਂ ਲੋਕ ਤੇ ਕਿਸਾਨ ਮਾਰੂ ਨੀਤੀਆਂ ਬਾਰੇ ਜਾਗ੍ਰਿਤ ਕਰਨ ਲਈ ਦਿੱਲੀ ਵਿਖੇ ਇੱਕ ਕਨਵੈਨਸ਼ਨ ਕੀਤੀ ਜਾ ਰਹੀ ਹੈ, ਜਿਸ ਵਿੱਚ ਵਿਸਥਾਰ ਸਹਿਤ ਸੰਸਾਰ ਵਪਾਰ ਸੰਸਥਾ ਦੀਆਂ ਭਾਰਤ ਵਿਰੋਧੀ ਨੀਤੀਆਂ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਇਆ ਜਾਵੇਗਾ ਤੇ ਲੋਕਾਂ ਨੂੰ ਇਸ ਵਿਰੁੱਧ ਆਵਾਜ਼ ਉਠਾਉਣ ਲਈ ਤੇ ਸੰਸਾਰ ਵਪਾਰ ਸੰਸਥਾ ਵਿਰੁੱਧ ਇੱਕ ਜਨ ਅੰਦੋਲਨ ਖੜਾ ਕਰਨ ਲਈ ਉਸ ਕਨਵੈਨਸ਼ਨ ਵਿੱਚ ਜਾਗ੍ਰਿਤ ਕੀਤਾ ਜਾਵੇ।

ਕਾਤਰਾਂ

ਜੀਰਖ 'ਚ ਅੱਖਾਂ ਦਾ ਫਰੀ ਕੈਂਪ ਅੱਜ

ਲੁਧਿਆਣਾ (ਐੱਮ ਐੱਸ ਭਾਟੀਆ/ਰੈਕਟਰ ਕਥੂਰੀਆ) : ਤਰਕਸ਼ੀਲ ਆਗੂ ਜਸਵੰਤ ਜੀਰਖ ਦੀ ਪਤਨੀ ਸ੍ਰੀਮਤੀ ਸੇਰ ਕੌਰ ਮੁੱਖ ਅਧਿਆਪਕਾ ਦੀ ਯਾਦ ਵਿੱਚ ਅੱਖਾਂ ਦਾ ਛੇਵਾਂ ਫਰੀ ਕੈਂਪ ਪਿੰਡ ਜੀਰਖ (ਲੁਧਿਆਣਾ) ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਕੱਲ੍ਹ ਐਤਵਾਰ 5 ਮਾਰਚ ਨੂੰ ਸਵੇਰੇ 10 ਵਜੇ ਤੋਂ 2.00 ਵਜੇ ਤੱਕ ਲਗਾਇਆ ਜਾ ਰਿਹਾ ਹੈ। ਜੀਰਖ ਪਰਵਾਰ ਵੱਲੋਂ ਗ੍ਰਾਮ ਪੰਚਾਇਤ ਦੇ ਸਹਿਯੋਗ ਨਾਲ ਲਗਾਏ ਜਾ ਰਹੇ ਇਸ ਕੈਂਪ ਵਿੱਚ ਅੱਖਾਂ ਦੇ ਪ੍ਰਸਿੱਧ ਮਾਹਰ ਡਾ. ਰਮੇਸ਼ (ਐੱਮ ਡੀ ਅੱਖਾਂ) ਦੀ ਟੀਮ ਵੱਲੋਂ ਅੱਖਾਂ ਦੇ ਮੁਆਇਨੇ ਕੀਤੇ ਜਾਣਗੇ। ਚਿੱਟੇ ਮੋਤੀਏ ਲਈ ਲੋੜੀਂਦੇ ਅਪ੍ਰੇਸ਼ਨ ਪੁਨਰਜੋਤ ਹਸਪਤਾਲ ਬੀ ਆਰ ਐੱਸ ਨਗਰ ਲੁਧਿਆਣਾ ਵਿਖੇ, ਜੀਰਖ ਪਰਵਾਰ ਵੱਲੋਂ ਮੁਫ਼ਤ ਕਰਵਾਏ ਜਾਣਗੇ। ਲੋੜਵੰਦਾਂ ਲਈ ਮੁਫ਼ਤ ਦਵਾਈਆਂ ਤੇ ਐਨਕਾਂ ਮੌਕੇ 'ਤੇ ਹੀ ਦਿੱਤੀਆਂ ਜਾਣਗੀਆਂ।

ਹੋਲੀ ਮਹਾਂਉਤਸਵ ਅੱਜ

ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ) : ਸ੍ਰੀ ਨੈਣਾਂ ਦੇਵੀ ਜੀ ਮੰਦਰ ਕਮੇਟੀ ਸਰਹਿੰਦ ਸ਼ਹਿਰ ਵੱਲੋਂ ਭਾਰਤ ਵਿਕਾਸ ਪ੍ਰੀਸ਼ਦ ਫ਼ਤਹਿਗੜ੍ਹ ਸਾਹਿਬ ਦੇ ਸਹਿਯੋਗ ਨਾਲ ਸਰਹਿੰਦ ਸ਼ਹਿਰ ਦੇ ਮੰਦਰ ਸ੍ਰੀ ਨੈਣਾਂ ਦੇਵੀ ਜੀ ਧਰਮ ਨਗਰੀ ਵਿਖੇ ਹੋਲੀ ਮਹਾਂਉਤਸਵ 5 ਮਾਰਚ ਨੂੰ ਕਰਵਾਇਆ ਜਾ ਰਿਹਾ ਹੈ। ਕਮੇਟੀ ਦੇ ਅਹੁਦੇਦਾਰ ਤੇ ਸਮਾਜ ਸੇਵੀ ਵਿਨੋਦ ਕੁਮਾਰ ਠੁਕਰਾਲ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਮੌਕੇ ਹੋਲੀ ਕੈਮੀਕਲਯੁਕਤ ਰੰਗਾਂ ਦੀ ਬਜਾਏ ਫੁੱਲਾਂ ਨਾਲ ਖੇਡੀ ਜਾਵੇਗੀ। ਉਨ੍ਹਾਂ ਦੱਸਿਆ ਕਿ ਐਤਵਾਰ ਸ਼ਾਮ 4 ਵਜੇ ਤੋਂ ਹਰੀ ਇੰਛਾ ਤੱਕ ਰਾਧਾ ਕ੍ਰਿਸ਼ਨ ਸੰਕੀਰਤਨ ਮੰਡਲ ਸਰਹਿੰਦ ਵੱਲੋਂ ਪ੍ਰਭੂ ਦਾ ਗੁਨਗਾਨ ਕੀਤਾ ਜਾਵੇਗਾ ਤੇ ਇਸ ਮੌਕੇ ਲੰਗਰ ਵੀ ਅਤੁੱਟ ਵਰਤੇਗਾ।

ਕੌਮਾਂਤਰੀ ਔਰਤ ਦਿਵਸ ਨੂੰ ਸਮਰਪਤ ਸੈਮੀਨਾਰ 8 ਨੂੰ

ਲੌਂਗੋਵਾਲ (ਪ੍ਰਦੀਪ ਸੱਪਲ, ਕੁਲਦੀਪ ਅੱਤਰੀ)-ਬਾਬਾ ਫਰੀਦ ਮੈਮੋਰੀਅਲ ਐਜੂਕੇਸ਼ਨ ਐਂਡ ਵੈੱਲਫੇਅਰ ਸੋਸਾਇਟੀ ਲੌਂਗੋਵਾਲ ਵੱਲੋਂ ਹੈਲਪਿੰਗ ਹੈਂਡ ਫਾਊਂਡੇਸ਼ਨ ਆਫ ਕੈਨੇਡਾ ਦੇ ਸਹਿਯੋਗ ਨਾਲ 'ਕੌਮਾਂਤਰੀ ਔਰਤ ਦਿਵਸ ਤੇ ਬਹਾਦਰੀ ਦਿਵਸ ਸ਼ਹੀਦ ਊਧਮ ਸਿੰਘ 13 ਮਾਰਚ 1940' ਨੂੰ ਸਮਰਪਤ ਇਕ ਸੈਮੀਨਾਰ ਤੇ ਸੰਗੀਤ ਦਰਬਾਰ 8 ਮਾਰਚ ਨੂੰ ਸਵੇਰੇ 10 ਵਜੇ ਬੀਬੀ ਭਾਨੀ ਪਬਲਿਕ ਸਕੂਲ ਬਡਬਰ ਰੋਡ ਲੌਂਗੋਵਾਲ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕ ਕਮਲਜੀਤ ਸਿੰਘ ਵਿੱਕੀ ਲੌਂਗੋਵਾਲ ਨੇ ਦੱਸਿਆ ਇਸ ਪ੍ਰੋਗਰਾਮ ਦੇ ਮੁੱਖ ਬੁਲਾਰੇ ਪਰਵਾਸੀ ਲੇਖਿਕਾ ਰੂਪੀ ਕਾਵਿਸਾ, ਗੁਰਪ੍ਰੀਤ ਸਿੰਘ ਬਾਵਾ (ਸਰੀ ਸਕੂਲ ਬੋਰਡ ਕੌਂਸਲਰ, ਬੁਲਾਰੇ ਹੈਲਪਿੰਗ ਹੈਂਡ ਫਾਊਂਡੇਸ਼ਨ ਆਫ ਕੈਨੇਡਾ), ਡਾ: ਰਘਬੀਰ ਕੌਰ (ਸਾਬਕਾ, ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨਿਵਰਸਿਟੀ, ਰਿਜਨਲ ਕੈਂਪਸ, ਜਲੰਧਰ) ਤੋਂ ਇਲਾਵਾ ਲਖਮੀਰ ਸਿੰਘ ਰਤਨਪਾਲ, ਦਲੇਰ ਸਿੰਘ ਚੰਦੀ ਕੈਨੇਡਾ ਵਾਲੇ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਣਗੇ।

ਇੰਗਲਿਸ਼ ਸਟੂਡੀਓ ਨੇ ਲਵਾਇਆ ਕੈਨੇਡਾ ਦਾ ਸਟੱਡੀ ਵੀਜ਼ਾ

ਬਾਘਾ ਪੁਰਾਣਾ (ਮਨੀ ਸਿੰਗਲਾ)-ਇੰਗਲਿਸ਼ ਸਟੂਡੀਓ ਸੰਸਥਾ ਜੋ ਕਿ ਕੋਟਕਪੂਰਾ ਰੋਡ ਉਤੇ ਬਾਘਾ ਪੁਰਾਣਾ ਵਿਖੇ ਪੈਟ੍ਰੋਲ ਪੰਪ ਦੇ ਸਾਹਮਣੇ ਹੈ, ਇਥੇ ਵਿਦਿਆਰਥੀਆਂ ਨੂੰ ਸਾਰੀਆਂ ਆਧੁਨਿਕ ਤੇ ਬੁਨਿਆਦੀ ਸਹੂਲਤਾਂ ਪ੍ਰਧਾਨ ਕੀਤੀਆਂ ਜਾਂਦੀਆਂ ਹਨ ਤੇ ਇਥੇ ਆਈਲਟਸ ਕਰਕੇ ਵਿਦਿਆਰਥੀ ਆਪਣੇ ਵਿਦੇਸ਼ ਜਾਣ ਦੇ

5-MAR-PAGE-9.qxd 3/4/2023 10:22 PM Page 1

ਮਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਤੇ ਗਰਾਮ ਪੰਚਾਇਤਾਂ ਵੱਲੋਂ ਏ ਡੀ ਸੀ ਖਿਲਾਫ ਪ੍ਰਦਰਸ਼ਨ

ਹੈਂਕੜਬਾਜ਼ ਏ ਡੀ ਸੀ ਨੂੰ ਕੀਤਾ ਜਾਵੇ ਮੁਅੱਤਲ : ਢੰਡੀਆਂ, ਢਾਬਾਂ

ਫਾਜ਼ਿਲਕਾ (ਕ੍ਰਿਸ਼ਨ ਸਿੰਘ)-ਮਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਤੇ ਗਰਾਮ ਪੰਚਾਇਤਾਂ ਵੱਲੋਂ ਡਿਪਟੀ ਕਮਿਸ਼ਨਰ ਦਫਤਰ ਫਾਜ਼ਿਲਕਾ ਸਾਹਮਣੇ ਏ ਡੀ ਸੀ ਸੰਦੀਪ ਕੁਮਰ ਦਾ ਪੁਤਲਾ ਫੂਕ ਕੇ ਪ੍ਰਦਰਸ਼ਨ ਕੀਤਾ ਗਿਆ। ਇਹ ਪੁਤਲਾ ਫੂਕ ਪ੍ਰਦਰਸ਼ਨ ਕਾਮਰੇਡ ਕ੍ਰਿਸ਼ਨ ਧਰਮੂਵਾਲਾ, ਜਰਨੈਲ ਢਾਬਾਂ, ਹਰਚਰਨ ਪਾਲੀਵਾਲਾ, ਜੱਜ ਕੱਟੀਆਂਵਾਲਾ, ਮਲਕੀਤ ਲਮੋਚੜ ਦੀ ਅਗਵਾਈ ਹੇਠ ਕੀਤਾ ਗਿਆ।

ਇਸ ਮੌਕੇ ਸੈਂਕੜਿਆਂ ਦੀ ਗਿਣਤੀ ਵਿੱਚ ਹਾਜ਼ਰ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਾਮਰੇਡ ਸੁਰਿੰਦਰ ਢੰਡੀਆਂ ਤੇ ਕਾਮਰੇਡ ਨਰਿੰਦਰ ਢਾਬਾਂ ਨੇ ਕਿਹਾ ਕਿ ਏ ਡੀ ਸੀ ਸੰਦੀਪ ਕੁਮਾਰ ਘਟੀਆ ਸੋਚ ਦੇ ਅਫਸਰ ਹਨ, ਜੋ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਤੇ ਗਰਾਮ ਪੰਚਾਇਤਾਂ ਨਾਲ ਕਥਿਤ ਦੁਰਵਿਹਾਰ ਕਰਕੇ ਉਨ੍ਹਾਂ ਦੀ ਬੇਇਜ਼ਤੀ ਕਰਦੇ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਨੂੰ ਕਈ ਵਾਰ ਪਿੰਡਾਂ ਦੇ ਵਿਕਾਸ ਤੇ ਮਨਰੇਗਾ ਦੇ ਕੰਮਾਂ ਬਾਰੇ ਕਿਹਾ ਜਾਂਦਾ ਹੈ ਤਾਂ ਉਨ੍ਹਾਂ ਵੱਲੋਂ ਕੋਈ ਕੰਮ ਸਮੇਂ ਸਿਰ ਨਹੀਂ ਕੀਤਾ ਜਾਂਦਾ। ਉਨ੍ਹਾਂ ਕਿਹਾ ਕਿ ਸਾਲ ਹੋ ਜਾਣ 'ਤੇ ਵੀ ਬਹੁਤ ਸਾਰੇ ਨਰੇਗਾ ਮਜ਼ਦੂਰਾਂ ਦੇ ਪੈਸੇ ਪੈਂਡਿੰਗ ਪਏ ਹਨ। ਉਨ੍ਹਾਂ ਕਿਹਾ ਕਿ ਮਨਰੇਗਾ ਤਹਿਤ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਸਮੇਂ ਸਿਰ ਮਜ਼ਦੂਰੀ ਨਹੀਂ ਦਿੱਤੀ ਜਾ ਰਹੀ ਅਤੇ ਨਾ ਹੀ ਸਮੇਂ ਸਿਰ ਮਸਟਰੋਲ ਜਮਾਂ ਕੀਤੇ ਜਾ ਰਹੇ। ਜਦੋਂ ਇਨ੍ਹਾਂ ਸਾਰੀਆਂ ਸਮੱਸਿਆਵਾਂ ਬਾਰੇ ਪੰਚਾਇਤਾਂ ਇਨ੍ਹਾਂ ਨਾਲ ਗੱਲਬਾਤ ਕਰਨ ਜਾਂਦੀਆਂ ਹਨ ਤਾਂ ਇਨ੍ਹਾਂ ਵੱਲੋਂ ਉਨ੍ਹਾਂ ਦੀ ਕਥਿਤ ਬੇਇੱਜ਼ਤੀ ਕੀਤੀ ਜਾਂਦੀ ਹੈ, ਜਿਸ ਦੇ ਰੋਸ ਵਜੋਂ ਉਨ੍ਹਾਂ ਵੱਲੋਂ ਏ ਡੀ ਸੀ ਦਾ ਪੁਤਲਾ ਫੂਕਿਆ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਤੋਂ ਇਸ ਹੈਂਕੜਬਾਜ਼ ਏਡੀਸੀ ਨੂੰ ਤੁਰੰਤ ਮੁਅੱਤਲ ਕਰਨ ਦੀ ਮੰਗ ਕੀਤੀ। ਇਸ ਮੌਕੇ ਨੱਥਾ ਸਿੰਘ ਸਰਪੰਚ, ਸ਼ਿਗਾਰਾ ਸਿੰਘ ਸਰਪੰਚ, ਜਗਜੀਤ ਢਾਬਾਂ, ਕਾਮਰੇਡ ਰੇਸ਼ਮ ਸਿੰਘ, ਵਿੱਕੀ ਤੇ ਹੋਰ ਹਾਜ਼ਰ ਸਨ।

ਜਦੋਂ ਇਸ ਬਾਰੇ ਏ ਡੀ ਸੀ ਫਾਜ਼ਿਲਕਾ ਸੰਦੀਪ ਕੁਮਰ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਫੋਨ ਅਟੈਂਡ ਨਹੀਂ ਕੀਤਾ।

ਔਰਤ ਦਿਵਸ ਮੌਕੇ ਬਸੰਤੀ ਚੁੰਨੀਆਂ ਲੈ ਕੇ ਪਹੁੰਚਣਗੀਆਂ ਔਰਤਾਂ : ਉਗਰਾਹਾਂ

ਧੂਰੀ (ਸੁਖਦੇਵ ਧੂਰੀ)-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਧੂਰੀ ਦੀ ਬਲਾਕ ਪ੍ਰਧਾਨ ਹਰਬੰਸ ਸਿੰਘ ਲੱਡਾ ਦੀ ਪ੍ਰਧਾਨਗੀ ਵਿੱਚ ਪਿੰਡ ਪੇਧਨੀ ਕਲਾਂ ਵਿੱਚ ਰੈਲੀ ਹੋਈ, ਜਿਸ ਵਿੱਚ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਤੇ ਸੂਬਾ ਪ੍ਰਚਾਰਕ ਸਕੱਤਰ ਜਗਤਾਰ ਸਿੰਘ ਕਾਲਾਝਾੜ ਵਿਸ਼ੇਸ਼ ਤੌਰ 'ਤੇ ਪਹੁੰਚੇ।

ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਨੇ ਦੱਸਿਆ ਕਿ ਜੋ ਹਰੇ ਇਨਕਲਾਬ ਦੀ ਨੀਤੀ ਨੇ ਪੰਜਾਬ ਵਿੱਚ ਕਰਜੇ ਕਾਰਨ ਖੁਦਕੁਸ਼ੀਆਂ ਵਧਾਈਆਂ ਹਨ। ਕਿਸਾਨ ਵੱਡੀ ਪੱਧਰ 'ਤੇ ਜ਼ਮੀਨਾਂ ਤੋਂ ਵਿਹਲੇ ਹੋ ਚੁੱਕੇ ਹਨ। ਹੁਣ ਪਿਛਲੇ ਦਿਨੀਂ ਜਥੇਬੰਦੀ ਨੇ ਨਵੀਂ ਖੇਤੀ ਨੀਤੀ ਖਰੜੇ ਦੀ ਖੇਤੀਬਾੜੀ ਮੰਤਰੀ ਨਾਲ ਮੀਟਿੰਗ ਕਰਕੇ ਲੋਕ ਪੱਖੀ ਨੀਤੀ ਦਾ ਖਰੜਾ ਪੰਜਾਬ ਸਰਕਾਰ ਨੂੰ ਦਿੱਤਾ ਹੈ, ਜਿਸ ਨਾਲ ਕਿਰਤੀਆਂ ਦੀ ਜ਼ਿੰਦਗੀ ਸੁਖਾਲੀ ਹੋ ਸਕਦੀ ਹੈ। ਜਗਤਾਰ ਸਿੰਘ ਕਾਲਾਝਾੜ ਨੇ ਦੱਸਿਆ ਕਿ ਹਰੇਕ ਸਾਲ ਦੀ ਤਰ੍ਹਾਂ 8 ਮਾਰਚ ਨੂੰ ਬਰਨਾਲਾ ਦੀ ਦਾਣਾ ਮੰਡੀ ਵਿੱਚ ਔਰਤ ਦਿਵਸ ਮਨਾਇਆ ਜਾਵੇਗਾ। ਇਸ ਦੀਆਂ ਤਿਆਰੀਆਂ ਜ਼ੋਰਾਂ 'ਤੇ ਚੱਲ ਰਹੀਆਂ ਹਨ। ਧੂਰੀ ਬਲਾਕ ਤੋਂ 8 ਮਾਰਚ ਨੂੰ ਵੱਡੀ ਗਿਣਤੀ ਵਿਚ ਔਰਤਾਂ ਬਸੰਤੀ ਚੁੰਨੀਆਂ ਲੈ ਕੇ ਬਰਨਾਲੇ ਦੀ ਦਾਣਾ ਮੰਡੀ ਵਿੱਚ ਸ਼ਿਰਕਤ ਕਰਨਗੀਆਂ।

ਇਸ ਮੌਕੇ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਗੰਢੂਆਂ, ਦਲਵਾਰਾ ਸਿੰਘ ਛਾਜਲਾ ਜਰਨਲ ਸੈਕਟਰੀ ਜ਼ਿਲ੍ਹਾ ਸੰਗਰੂਰ, ਜ਼ਿਲ੍ਹਾ ਸਿਹਤ ਸੰਗਠਨ ਹਰਪਾਲ ਸਿੰਘ ਪੇਧਨੀ ਕਲਾਂ, ਬਲਾਕ ਆਗੂ ਰਾਮ ਸਿੰਘ ਕੱਕੜਵਾਲ, ਦਰਸ਼ਨ ਸਿੰਘ ਕਿਲਾ ਹਕੀਮਾਂ, ਜਰਨੈਲ ਸਿੰਘ ਸੁਲਤਾਨਪੁਰ ਬਲਾਕ ਪ੍ਰੈਸ ਸਕੱਤਰ, ਬਲਾਕ ਖ਼ਜ਼ਾਨਚੀ ਬਲਵਿੰਦਰ ਸਿੰਘ ਪੇਧਨੀ ਕਲਾਂ ਤੇ ਬਲਵਿੰਦਰ ਸਿੰਘ ਕਾਕਾ ਪੇਧਨੀ ਕਲਾਂ ਆਦਿ ਹਾਜ਼ਰ ਸਨ।

ਕੇਂਦਰ ਵੱਲੋਂ ਗੈਸ ਕੀਮਤਾਂ 'ਚ ਕੀਤੇ ਵਾਧੇ ਨੇ ਸੁਆਣੀਆਂ ਦਾ ਬਜਟ ਵਿਗਾੜਿਆ

ਸੰਗਰੂਰ (ਪ੍ਰਵੀਨ ਸਿੰਘ)-ਕੇਂਦਰ ਵਿਚਲੀ ਸ੍ਰੀ ਨਰਿੰਦਰ ਮੋਦੀ ਦੀ ਸਰਕਾਰ ਨੇ ਤਿੰਨ ਛੋਟੇ ਸੂਬਿਆਂ ਦੀ ਵਿਧਾਨ ਸਭਾ ਚੋਣਾਂ ਦੇ ਨਤੀਜੇ ਆਉਣ ਤੋਂ ਇੱਕ ਦਿਨ ਪਹਿਲਾਂ ਹੀ ਦੇਸ਼ ਵਾਸੀਆਂ ਨੂੰ ਕੁਕਿੰਗ ਗੈਸ ਦੀਆਂ ਕੀਮਤਾਂ ਵਿੱਚ 50 ਰੁਪਏ ਦਾ ਵਾਧਾ ਤੋਹਫੇ ਦੇ ਤੌਰ 'ਤੇ ਦਿੱਤਾ। ਵਰਣਨਯੋਗ ਹੈ ਕਿ 2022 ਤੋਂ ਹੁਣ ਤੱਕ ਇੱਕ ਵਾਰ ਨਹੀਂ 5 ਵਾਰ ਕੁਕਿੰਗ ਗੈਸ ਸਿਲੰਡਰ ਦੀਆਂ ਕੀਮਤਾਂ ਵਿੱਚ ਲਗਾਤਾਰ 50-50 ਰੁਪਏ ਦਾ ਵਾਧਾ ਕਰਕੇ ਮਿਹਨਤਕਸ਼ ਤੇ ਦਰਮਿਆਨੇ ਪਰਿਵਾਰਾਂ 'ਤੇ ਵੱਡਾ ਆਰਥਕ ਬੋਝ ਪਾ ਦਿੱਤਾ ਹੈ। ਤਿੰਨ ਵਿਧਾਨ ਸਭਾ ਹਲਕਿਆਂ ਦੇ ਚੋਣ ਨਤੀਜੇ ਆਉਣ ਤੋਂ ਪਹਿਲਾਂ ਪਹਿਲਾਂ ਹੀ ਗੈਸ ਸਿਲੰਡਰ ਦੀਆਂ ਕੀਮਤਾਂ ਵਿੱਚ ਵਾਧਾ ਕਰ ਦਿੱਤਾ ਹੈ।

ਇਸ ਸਬੰਧੀ ਘਰੇਲੂ ਔਰਤ ਮਮਤਾ ਦਾ ਕਹਿਣਾ ਹੈ ਕਿ ਦਰਮਿਆਨੇ ਪਰਿਵਾਰਾਂ ਵਿੱਚ ਦਿਨੋਂ ਦਿਨ ਵਧ ਰਹੀ ਮਹਿੰਗਾਈ ਵਿੱਚ ਪਰਿਵਾਰ ਦਾ ਗੁਜ਼ਾਰਾ ਚਲਾਉਣਾ ਪਹਿਲਾਂ ਹੀ ਮੁਸ਼ਕਲ ਹੋਇਆ ਪਿਆ, ਉਪਰੋਂ ਕੇਂਦਰ ਵਿਚਲੀ ਸ੍ਰੀ ਨਰਿੰਦਰ ਮੋਦੀ ਦੀ ਸਰਕਾਰ ਵੱਲੋਂ ਇੱਕ ਸਾਲ ਵਿੱਚ 5 ਵਾਰੀ 250 ਰੁਪਏ ਦਾ ਵਾਧੂ ਬੋਝ ਪਾ ਦਿੱਤਾ ਹੈ। ਮਿਹਨਤ ਕਰਨ ਵਾਲੇ ਪਰਿਵਾਰਾਂ ਨੂੰ ਕੁਕਿੰਗ ਗੈਸ ਵਿੱਚ ਹੋ ਰਿਹਾ ਲਗਾਤਾਰ ਵਾਧਾ ਝੱਲਣਾ ਬਹੁਤ ਮੁਸ਼ਕਲ ਹੁੰਦਾ ਜਾ ਰਿਹਾ ਹੈ। ਉਨ੍ਹਾਂ ਕੁਕਿੰਗ ਗੈਸ ਦੇ ਇਸ ਕੀਤੇ ਗਏ ਵਾਧੇ ਦੀ ਕਰੜੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।

ਪੁਸ਼ਪਾ ਦੇਵੀ ਮੇਰੇ ਵਰਗੀ ਪੈਨਸ਼ਨ ਧਾਰਕ ਔਰਤ ਨੂੰ ਕੁਕਿੰਗ ਗੈਸ ਵਿੱਚ ਵਾਰ ਵਾਰ ਕੀਤਾ ਜਾ ਰਿਹਾ ਇਹ ਵਾਧਾ ਬਹੁਤ ਚੁੱਭਦਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੈਨਸ਼ਨ ਵਿੱਚ ਤਾਂ ਵਾਧਾ ਹੁੰਦਾ ਨਹੀਂ, ਪਰ ਮਹਿੰਗਾਈ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਹੈ, ਜਿਸ ਨਾਲ ਪੈਨਸ਼ਨ ਧਾਰਕ ਪਰਿਵਾਰਾਂ ਨੂੰ ਜਿਨ੍ਹਾਂ ਦਾ ਗੁਜ਼ਾਰਾ ਸਿਰਫ ਪੈਨਸ਼ਨ 'ਤੇ ਹੀ ਹੈ, ਮੁਸ਼ਕਲ ਹੋ ਗਿਆ ਹੈ।

ਗੁਰਸ਼ਰਨ ਕੌਰ ਰਿਟਾ. ਲੈਕਚਰਾਰ ਦਾ ਕਹਿਣਾ ਹੈ ਕਿ ਕੇਂਦਰ ਸਰਕਾਰ ਦਾਅਵੇ ਤਾਂ ਕਰਦੀ ਹੈ ਕਿ ਲੋਕ ਭਲਾਈ ਦੇ ਕੰਮ ਕਰ ਰਹੇ ਹਾਂ, ਪਰ ਜਦੋਂ ਅਮਲੀ ਰੂਪ ਵਿੱਚ ਦੇਖਿਆ ਜਾਵੇ ਤਾਂ ਆਮ ਲੋਕਾਂ ਦੀਆਂ ਜੇਬਾਂ 'ਤੇ ਕਿਸੇ ਨਾ ਕਿਸੇ ਬਹਾਨੇ ਡਾਕਾ ਲਾਇਆ ਜਾ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਦੀ ਤਾਜ਼ਾ ਮਿਸਾਲ ਇੱਕ ਸਾਲ ਦੇ ਅਰਸੇ ਅੰਦਰ ਸਿਰਫ ਕੁਕਿੰਗ ਗੈਸ ਸਿਲੰਡਰ ਦੀਆਂ ਕੀਮਤਾਂ ਵਿੱਚ 50-50 ਕਰਕੇ ਕੀਤਾ ਵਾਧਾ ਹੀ ਘਰੇਲੂ ਬਜਟ ਨੂੰ ਪੂਰੀ ਤਰ੍ਹਾਂ ਵਿਗਾੜ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਆਧਰ ਮੱਧ ਵਰਗੀ ਤੇ ਆਰਥਕ ਤੌਰ 'ਤੇ ਕਮਜ਼ੋਰ ਵਰਗਾਂ ਦੇ ਲੋਕਾਂ ਲਈ ਕੁਕਿੰਗ ਗੈਸ ਸਿਲੰਡਰ ਲੈਣਾ ਹੁਣ ਆਸਾਨ ਨਹੀਂ ਰਿਹਾ।

ਕਾਤਰਾਂ

ਪੀਰ ਬਾਬਾ ਧੌੜੇ ਵਾਲੇ ਦਾ ਸਾਲਾਨਾ ਮੇਲਾ ਮਨਾਇਆ

ਜਗਰਾਉਂ (ਅਮਿਤ ਖੰਨਾ)-ਨੇੜੇ ਨਾਨਕਸਰ ਮਾਰਗ 'ਤੇ ਪੀਰ ਬਾਬਾ ਧੌੜੇ ਵਾਲੇ ਦੀ ਪਵਿੱਤਰ ਦਰਗਾਹ 'ਤੇ ਬਾਬਾ ਜੀ ਦੇ ਜਨਮ ਦਿਹਾੜੇ 'ਤੇ ਜਗਰਾਓਂ ਦੀ ਲੰਗਰ ਕਮੇਟੀ ਵੱਲੋਂ ਭੰਡਾਰਾ ਲਾਇਆ ਗਿਆ। ਝੰਡੇ ਦੀ ਰਸਮ ਦੁਸਹਿਰਾ ਕਮੇਟੀ ਦੇ ਸਾਬਕਾ ਪ੍ਰਧਾਨ ਸਰਬਜੀਤ ਸਿੰਘ ਲੰਕਾ ਤੇ ਮਨਪ੍ਰੀਤ ਸਿੰਘ ਵੱਲੋਂ ਕੀਤੀ ਗਈ ਅਤੇ ਦਰਗਾਹ 'ਤੇ ਚਾਦਰ ਦੀ ਰਸਮ ਮਹੰਤ ਰਾਜੂ ਬਾਬਾ ਤੇ ਮੰਨਾ ਬਾਬਾ ਵੱਲੋਂ ਕੀਤੀ ਗਈ। ਇਸ ਮੌਕੇ ਮੁੱਖ ਸੇਵਾਦਾਰ ਬਾਬਾ ਦੇਵ ਤੇ ਪ੍ਰਬੰਧਕ ਕਮੇਟੀ ਵੱਲੋਂ ਆਏ ਹੋਏ ਸਾਰੇ ਹੀ ਪਤਵੰਤੇ ਸੱਜਣਾਂ ਨੂੰ ਸਿਰੋਪਾ ਪਾ ਕੇ ਸਨਮਾਨਤ ਕੀਤਾ ਗਿਆ। ਦਰਗਾਹ 'ਤੇ ਆਈਆਂ ਸੰਗਤਾਂ ਲਈ ਚਾਹ ਪਕੌੜੇ ਤੇ ਪ੍ਰਸਾਦਾ ਛਕਾ ਕੇ ਸੇਵਾ ਕੀਤੀ। ਪੀਰ ਦੀ ਦਰਗਾਹ 'ਤੇ ਪ੍ਰਸਿੱਧ ਕੱਵਾਲਾਂ ਨੇ ਕੱਵਾਲੀਆਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਮੁੱਖ ਸੇਵਾਦਾਰ ਬਾਬਾ ਦੇਵ ਨੇ ਪਹੁੰਚੀ ਸਮੁੱਚੀ ਸੰਗਤ ਦਾ ਧੰਨਵਾਦ ਕੀਤਾ। ਇਸ ਮੌਕੇ ਸਵਰਨਜੀਤ ਧਾਲੀਵਾਲ, ਹਾਕਮ ਸਿੰਘ, ਜਤਿੰਦਰ ਕਲਿਆਣ, ਬੱਬੀ, ਐੱਸ ਪੀ ਬੱਬ, ਦਿਨੇਸ਼ ਸ਼ਰਮਾ, ਗੁਰਸ਼ਰਨ ਸਿੰਘ, ਕਾਕਾ ਗਰੇਵਾਲ, ਦੀਪ ਸਿੰਘ, ਫੌਜੀ, ਗੁਰਦਿੱਤ ਸਿੰਘ, ਸਤਨਾਮ ਸਿੰਘ, ਕੁਲਦੀਪ ਸਿੰਘ, ਕਰਤਾਬ ਸਿੰਘ ਕਾਨਗੋ, ਸੰਜੂ ਵਰਮਾ, ਪਵਨ ਕੁਮਾਰ, ਇੰਦਰਪ੍ਰੀਤ, ਆਰੀਅਨ, ਜਸਪਾਲ ਸਿੰਘ, ਰੋਹਿਤ, ਮੋਹਿਤ, ਹਰਸ਼ ਧਾਲੀਵਾਲ, ਯਸ਼ ਧਾਲੀਵਾਲ, ਅਕਾਸ਼ ਧਾਲੀਵਾਲ, ਕ੍ਰਿਸ਼ਨ, ਅਰਮਾਨ ਤੋਂ ਇਲਾਵਾ ਆਦਿ ਹਾਜ਼ਰ ਸਨ।

ਪ੍ਰੈੱਸ ਮੀਟਿੰਗ ਦੌਰਾਨ ਨਗਰ ਪੰਚਾਇਤ ਦੇ ਅਹਿਮ ਮੁੱਦਿਆਂ 'ਤੇ ਚਰਚਾ

ਮਮਦੋਟ, (ਹਰਪਾਲ ਸੋਢੀ, ਜਸਬੀਰ ਕੰਬੋਜ)-ਪ੍ਰੈੱਸ ਕਲੱਬ ਮਮਦੋਟ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਸੰਧੂ ਦੀ ਅਗਵਾਈ ਹੇਠ ਪ੍ਰੈੱਸ ਕਲੱਬ ਦਫਤਰ ਮਮਦੋਟ ਵਿਖੇ ਮਹੀਨਾਵਾਰ ਮੀਟਿੰਗ ਹੋਈ, ਜਿਸ ਵਿੱਚ ਨਗਰ ਪੰਚਾਇਤ ਅਧੀਨ ਆਉਂਦੇ ਇਲਾਕੇ ਦੇ ਲੋਕਾਂ ਨੂੰ ਆ ਰਹੀਆਂ ਸੀਵਰੇਜ ਤੇ ਬੱਸ ਸਟੈਂਡ ਸਮੇਤ ਕਈ ਅਹਿਮ ਹੋਰ ਮੁੱਦਿਆਂ 'ਤੇ ਆ ਰਹੀਆਂ ਸਮੱਸਿਆਵਾਂ ਨੂੰ ਲੈ ਕੇ ਵਿਚਾਰਾਂ ਕੀਤੀਆਂ ਗਈਆਂ ਤੇ ਲੋਕਾਂ ਨੂੰ ਆ ਰਹੀਆਂ ਸਮੱਸਿਆਵਾਂ ਨੂੰ ਮੌਕੇ 'ਤੇ ਨਗਰ ਪੰਚਾਇਤ ਦੇ ਈ ਓ ਨਰਿੰਦਰ ਕੁਮਾਰ ਦੇ ਧਿਆਨ ਵਿੱਚ ਲਿਆਂਦਾ। ਇਸ ਮੀਟਿੰਗ ਵਿੱਚ ਪ੍ਰਧਾਨ ਗੁਰਪ੍ਰੀਤ ਸਿੰਘ ਸੰਧੂ, ਚੇਅਰਮੈਨ ਹਰਪਾਲ ਸਿੰਘ ਨੀਟਾ ਸੋਢੀ, ਵਾਈਸ ਪ੍ਰਧਾਨ ਜੋਗਿੰਦਰ ਸਿੰਘ ਭੋਲਾ, ਜਸਬੀਰ ਕੰਬੋਜ, ਬਲਦੇਵ ਸ਼ਰਮਾ, ਡਾ. ਨਿਰਵੈਰ ਸਿੰਘ ਸਿੰਧੀ, ਬਗੀਚਾ ਸਿੰਘ, ਰਵਿੰਦਰ ਸਿੰਘ ਕਾਲਾ, ਜਸਵੰਤ ਕੰਬੋਜ, ਰਾਜਿੰਦਰ ਸਿੰਘ ਹਾਂਡਾ, ਹਰਪ੍ਰੀਤ ਸਿੰਘ ਹੈਪੀ, ਸੰਜੀਵ ਮਦਾਨ, ਬਲਜੀਤ ਸਿੰਘ ਕਚੂਰਾ, ਕਮਲ ਸੋਨੂੰ ਗਿੱਲ, ਤੇਜਿੰਦਰਪਾਲ ਢੀਂਗਰਾ, ਨਿਸ਼ਾਨ ਸਿੰਘ ਖਾਲਸਾ, ਭੂਪਿੰਦਰ ਨਰੂਲਾ, ਸੰਦੀਪ ਸੋਨੀ, ਲੱਕੀ ਨਰੂਲਾ ਆਦਿ ਹਾਜ਼ਰ ਸਨ।

ਰਾਸ਼ਟਰੀ ਸਾਇੰਸ ਦਿਵਸ ਮੌਕੇ ਮਾਡਲ ਤੇ ਚਾਰਟ ਮੁਕਾਬਲੇ ਕਰਵਾਏ

ਭੀਖੀ, (ਧਰਮਵੀਰ ਸ਼ਰਮਾ)-ਮਾਡਰਨ ਕਾਲਜ ਆਫ਼ ਐਜੂਕੇਸ਼ਨ ਭੀਖੀ ਵਿਖੇ ਰਾਸ਼ਟਰੀ ਸਾਇੰਸ ਦਿਵਸ ਨੂੰ ਵੱਖ-ਵੱਖ ਮਾਡਲ ਤੇ ਚਾਰਟ ਮੁਕਾਬਲਾ ਕਰਵਾ ਕੇ ਮਨਾਇਆ ਗਿਆ। ਕਾਲਜ ਦੇ ਡਾਇਰੈਕਟਰ ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਮਨਾਏ ਗਏ ਰਾਸ਼ਟਰੀ ਸਾਇੰਸ ਦਿਵਸ ਮੌਕੇ ਪ੍ਰਿੰਸੀਪਲ ਡਾ. ਹਰਪ੍ਰੀਤ ਕੌਰ ਨੇ ਵਿਦਿਆਰਥਣਾਂ ਨੂੰ ਸਾਇੰਸ ਦਿਵਸ ਦੀ ਮਹੱਤਤਾ ਬਾਰੇ ਦੱਸਿਆ ਕਿ ਇਸ ਦਿਨ ਸੀ. ਵੀ. ਰਮਨ ਨੇ ਆਪਣੀ ਖੋਜ 'ਰਮਨ ਇਫੈਕਟ' ਬਾਰੇ ਸਾਰੀ ਦੁਨੀਆ ਨੂੰ ਜਾਣੂ ਕਰਵਾਇਆ ਅਤੇ ਇਹ ਵੀ ਦੱਸਿਆ ਕਿ ਭਾਰਤ ਸਰਕਾਰ ਨੇ 28 ਫਰਵਰੀ 1986 ਨੂੰ ਰਾਸ਼ਟਰੀ ਵਿਗਿਆਨ ਦਿਵਸ ਵਜੋਂ ਘੋਸ਼ਿਤ ਕੀਤਾ। ਰਾਸ਼ਟਰੀ ਵਿਗਿਆਨ ਦਿਵਸ 2023 ਦੀ ਥੀਮ 'ਗਲੋਬਲ ਸਾਇੰਸ ਫਾਰ ਗਲੋਬਲ ਵੈਲਬਿੰਗ' ਹੈ। ਇਹ ਥੀਮ ਭਾਰਤ ਦੀ ਉੱਭਰਦੀ ਗਲੋਬਲ ਭੂਮਿਕਾ ਤੇ ਅੰਤਰਰਾਸ਼ਟਰੀ ਖੇਤਰ ਵਿੱਚ ਵਧਦੀ ਦਿਖ ਨੂੰ ਦਰਸਾਉਂਦੀ ਹੈ। ਇਸ ਪ੍ਰੋਗਰਾਮ ਵਿੱਚ ਭਾਸ਼ਣ ਮੁਕਾਬਲੇ ਵੀ ਕਰਵਾਏ ਗਏ। ਇਸ ਮੌਕੇ ਸਮੂਹ ਸਟਾਫ ਪ੍ਰੋ. ਅਮਨਦੀਪ ਕੌਰ, ਪ੍ਰੋ. ਹਰਵਿੰਦਰ ਕੌਰ, ਪ੍ਰੋ. ਅਮਨਦੀਪ ਕੌਰ, ਪ੍ਰੋ. ਜਗਜੀਤ ਸਿੰਘ ਤੇ ਪ੍ਰੀਤਇੰਦਰ ਕੌਰ ਆਦਿ ਹਾਜ਼ਰ ਸਨ।

ਪੈਨਸ਼ਨਰਜ਼ ਐਸੋਸੀਏਸ਼ਨ ਦੀ ਮੀਟਿੰਗ 'ਚ ਸੂਬਾ ਸਰਕਾਰ ਖਿਲਾਫ਼ ਨਾਅਰੇਬਾਜ਼ੀ

ਮਹਿਲ ਕਲਾਂ, (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ) ਪੈਨਸ਼ਨਰਜ਼ ਐਸੋਸੀਏਸ਼ਨ ਸਬ ਡਵੀਜ਼ਨ ਦੀ ਅਹਿਮ ਮੀਟਿੰਗ ਪ੍ਰਧਾਨ ਜਗਮੀਤ ਸਿੰਘ ਧਨੇਰ ਦੀ ਪ੍ਰਧਾਨਗੀ ਹੇਠ ਹੋਈ। ਜਥੇਬੰਦੀ ਦੇ ਆਗੂਆਂ, ਵਰਕਰਾਂ ਵੱਲੋਂ ਪੰਜਾਬ ਸਰਕਾਰ ਖਿਲਾਫ਼ ਜ਼ੋਰਦਾਰ ਨਾਅਰੇਬਾਜ਼ੀ ਕਰਕੇ ਹੱਕੀ ਮੰਗਾਂ ਤੁਰੰਤ ਪੂਰੀਆਂ ਕਰਨ ਮੰਗ ਕੀਤੀ।

ਇਸ ਮੌਕੇ ਬਹਾਦਰ ਸਿੰਘ ਸੰਘੇੜਾ, ਸਕੱਤਰ ਗੁਰਚਰਨ ਸਿੰਘ, ਸੁਰਜੀਤ ਸਿੰਘ, ਸੰਗਾਰਾ ਸਿੰਘ, ਕੁਲਦੀਪ ਸਿੰਘ, ਨਿਰਮਲ ਸਿੰਘ ਨੇ ਕਿਹਾ ਕਿ ਸੂਬੇ ਦੀ ਆਪ ਸਰਕਾਰ ਪੈਨਸ਼ਨਰਾਂ ਦੀਆਂ ਮੰਨੀਆਂ ਮੰਗਾਂ ਲਾਗੂ ਕਰਨ ਤੋਂ ਪਾਸਾ ਵੱਟ ਰਹੀ ਹੈ, ਜਿਸ ਕਾਰਨ ਸਮੂਹ ਪੈਨਸ਼ਨਰਜ਼ 'ਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਆਗੂਆਂ ਨੇ ਮੰਗ ਕੀਤੀ ਕਿ ਚੋਣਾਂ ਤੋਂ ਪਹਿਲਾਂ ਕੀਤੇ ਵਾਅਦਿਆਂ ਨੂੰ ਪੂਰਾ, ਪੁਰਾਣੀ ਪੈਨਸ਼ਨ ਲਾ

DUMMY-EIRST PAGE-AJIT.qxd 3/4/2023 10:19 PM Page 2

ਖੇਡਾਂ ਸਾਡੇ ਅੰਦਰ ਪਿਆਰ ਤੇ ਭਾਈਚਾਰਕ ਸਾਂਝ ਪੈਦਾ ਕਰਦੀਆਂ : ਗੁਰਪ੍ਰੀਤ ਚੰਡੀਗੜ੍ਹੀਆ

ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ) ਖੇਡਾਂ ਜਿੱਥੇ ਸਾਨੂੰ ਸਰੀਰਕ ਤਾਕਤ ਦਿੰਦੀਆਂ ਹਨ, ਉਥੇ ਇਹ ਸਾਨੂੰ ਮਾਨਸਿਕ ਤੌਰ 'ਤੇ ਵੀ ਤੰਦਰੁਸਤ ਰੱਖਣ ਵਿੱਚ ਸਹਾਈ ਹੁੰਦੀਆਂ ਹਨ। ਇਸ ਲਈ ਹਰੇਕ ਵਿਅਕਤੀ ਨੂੰ ਕਿਸੇ ਨਾ ਕਿਸੇ ਖੇਡ 'ਚ ਜ਼ਰੂਰ ਰੁਚੀ ਰੱਖਣੀ ਚਾਹੀਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਉੱਘੇ ਸਮਾਜ ਸੇਵੀ ਗੁਰਪ੍ਰੀਤ ਚੰਡੀਗੜ੍ਹੀਆ ਨੇ ਐੱਸ ਯੂ ਐੱਸ ਸਪੋਰਟਸ ਕਲੱਬ ਲਲੋਛੀ ਵੱਲੋਂ ਸ਼ਹੀਦ ਊਧਮ ਸਿੰਘ ਸਟੇਡੀਅਮ ਲਲੋਛੀ ਵਿਖੇ ਕਰਾਏ ਦੌੜ ਖੇਡ ਮੁਕਾਬਲਿਆਂ 'ਚ ਵਿਸ਼ੇਸ਼ ਮਹਿਮਾਨ ਵਜੋਂ ਸ਼ਮੂਲੀਅਤ ਕਰਨ ਉਪਰੰਤ ਕੀਤਾ। ਉਨ੍ਹਾਂ ਕਿਹਾ ਕਿ ਖੇਡਾਂ ਸਾਡੇ ਅੰਦਰ ਪਿਆਰ ਤੇ ਭਾਈਚਾਰਕ ਸਾਂਝ ਪੈਦਾ ਕਰਦੀਆਂ ਹੋਈਆਂ ਇਕ ਸਿਹਤਮੰਦ ਸਮਾਜ ਦੀ ਸਿਰਜਣਾ ਕਰਨ ਵਿੱਚ ਵੱਡਾ ਰੋਲ ਅਦਾ ਕਰਦੀਆਂ ਹਨ। ਇਸ ਮੌਕੇ ਇਕਬਾਲ ਨੰਬਰਦਾਰ, ਰਾਏ ਭਲਵਾਨ, ਅਮਨ ਨਿਰਮਾਣ, ਗੁਰਸੇਵਕ ਕੁਲਾਰਾਂ, ਸੋਨੂੰ ਮਾਜਰੀ, ਕਰਮਨ ਪਟਿਆਲਾ, ਸੋਨੂੰ ਥਾਪਰੀਆ, ਸਾਹਿਬ ਧਾਲੀਵਾਲ, ਦੀਪ ਰੋਮੀ, ਦੀਪ ਜੰਡੋਰੀਆ, ਸ਼ੁਭਮ ਸ਼ਰਮਾ, ਸੁਰਿੰਦਰ ਬੱਬੂ, ਸੰਸਾਰ ਸੰਧੂ, ਪੁਸ਼ਪਿੰਦਰ ਬੁਡਰੁੱਖਾਂ, ਜਸਵਿੰਦਰ ਚੌਹਾਨ ਤੇ ਲਖਵਿੰਦਰ ਲੱਖੀ ਆਦਿ ਵੀ ਮੌਜੂਦ ਰਹੇ।

ਭਾਜਪਾ ਆਗੂਆਂ ਤੇ ਵਰਕਰਾਂ ਨੇ ਜਿੱਤ ਦੀ ਖੁਸ਼ੀ ਮਨਾਈ

ਮਖੂ (ਰਛਪਾਲ ਸਿੰਘ ਸੰਧੂ)-ਤ੍ਰਿਪੁਰਾ ਅਤੇ ਨਾਗਾਲੈਂਡ 'ਚ ਵਿਧਾਨ ਸਭਾ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਦੀ ਸ਼ਾਨਦਾਰ ਜਿੱਤ ਦੀ ਖੁਸ਼ੀ ਵਿੱਚ ਭਾਜਪਾ ਮੰਡਲ ਦੇ ਆਗੂਆਂ ਤੇ ਵਰਕਰਾਂ ਵੱਲੋਂ ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਸਕੱਤਰ ਡਾ. ਰਾਜੀਵ ਅਹੂਜਾ, ਸੋਸ਼ਲ ਮੀਡੀਆ ਇੰਚਾਰਜ ਸੰਦੀਪ ਸਚਦੇਵਾ ਅਤੇ ਭਾਜਪਾ ਜ਼ਿਲ੍ਹਾ ਫ਼ਿਰੋਜ਼ਪੁਰ ਦੀ ਕਾਰਜਕਾਰੀ ਕਮੇਟੀ ਦੇ ਮੈਂਬਰ ਰਜੀਵ ਕਪੂਰ ਦੀ ਅਗਵਾਈ 'ਚ ਲੱਡੂ ਵੰਡ ਕੇ ਖੁਸ਼ੀ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਵਿਧਾਨ ਸਭਾ ਹਲਕਾ ਤ੍ਰਿਪੁਰਾ ਤੇ ਨਾਗਾਲੈਂਡ ਦੀਆਂ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਵੱਲੋਂ ਭਾਰੀ ਬਹੁਮਤ ਹਾਸਲ ਕਰਕੇ ਸਾਬਤ ਕਰ ਦਿੱਤਾ ਹੈ ਕਿ ਤ੍ਰਿਪੁਰਾ ਅਤੇ ਨਾਗਾਲੈਂਡ ਦੇ ਲੋਕਾਂ ਵੱਲੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦੇਸ ਵਿੱਚ ਕਰਾਏ ਜਾ ਰਹੇ ਵਿਕਾਸ ਕਾਰਜਾਂ ਤੇ ਪ੍ਰਧਾਨ ਮੰਤਰੀ ਦੀਆਂ ਨੀਤੀਆਂ 'ਤੇ ਮੋਹਰ ਲਾਈ ਗਈ। ਭਾਜਪਾ ਆਗੂਆਂ ਨੇ ਕਿਹਾ ਕਿ ਆਉਣ ਵਾਲੀਆਂ 2024 ਦੀਆਂ ਲੋਕ ਸਭਾ ਚੋਣਾਂ ਵਿੱਚ ਦੇਸ ਵਾਸੀ ਤੀਜੀ ਵਾਰ ਦੇਸ ਵਿਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਾ ਕੇ ਨਰਿੰਦਰ ਮੋਦੀ ਨੂੰ ਪ੍ਰਧਾਨ ਮੰਤਰੀ ਬਣਾਉਣਗੇ। ਇਸ ਮੌਕੇ ਗੁਰਦੇਵ ਸਿੰਘ ਕਾਨੂੰਗੋ, ਰਮਨ ਸ਼ਰਮਾ, ਅਮਿਤ ਅਰੋੜਾ ਤੇ ਰਿੰਪਲ ਨਾਰੰਗ ਆਦਿ ਹਾਜ਼ਰ ਸਨ।

ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੀ ਮੀਟਿੰਗ

ਜਗਰਾਉਂ, (ਅਮਿਤ ਖੰਨਾ)-ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਵਿਸ਼ਵਕਰਮਾ ਮੰਦਿਰ ਅੱਡਾ ਰਾਏਕੋਟ ਵਿਖੇ ਹੋਈ, ਜਿਸ 'ਚ ਠੇਕੇਦਾਰਾਂ ਨੂੰ ਆ ਰਹੀਆਂ ਮੁਸ਼ਕਲਾਂ ਸੁਣੀਆਂ ਗਈਆਂ ਤੇ ਮੌਕੇ 'ਤੇ ਹੱਲ ਕੀਤਾ ਗਿਆ। ਇਸ ਤੋਂ ਇਲਾਵਾ ਠੇਕੇਦਾਰ ਹਰਿੰਦਰ ਸਿੰਘ ਦੀ ਧਰਮਪਤਨੀ ਤੇ ਕੁਲਦੀਪ ਸਿੰਘ ਧੰਜਲ ਦੀ ਧਰਮਪਤਨੀ ਦੇ ਅਕਾਲ ਚਲਾਣੇ 'ਤੇ ਉਨ੍ਹਾਂ ਨੂੰ ਐਸੋਸੀਏਸ਼ਨ ਵੱਲੋਂ ਸ਼ਰਧਾਂਜਲੀ ਦਿੱਤੀ ਗਈ। ਇਸ ਮੌਕੇ ਪ੍ਰਧਾਨ ਰਾਜਿੰਦਰ ਸਿੰਘ ਰਿੰਕੂ, ਸਰਪ੍ਰਸਤ ਜਗਦੇਵ ਸਿੰਘ ਮਠਾੜੂ, ਹਰਦਿਆਲ ਸਿੰਘ ਮੁੰਡੇ, ਗੁਰਦੇਵ ਸਿੰਘ ਮੱਲਾ, ਭਵਨਜੀਤ ਸਿੰਘ ਉੱਭੀ, ਰਾਜਵੰਤ ਸਿੰਘ ਸੱਗੂ, ਇੰਦਰਜੀਤ ਸਿੰਘ ਰੀਹਲ, ਜਸਵੀਰ ਸਿੰਘ ਧਾਲੀਵਾਲ, ਰਣਜੀਤ ਸਿੰਘ ਰੀਹਲ, ਦੀਪੂ, ਬਲਵੀਰ ਸਿੰਘ ਸਿਵੀਆ, ਹਾਕਮ ਸਿੰਘ ਸੀਹਰਾ, ਗੁਰਚਰਨ ਸਿੰਘ ਘਟੌੜਾ, ਪਰਮਜੀਤ ਸਿੰਘ ਮਠਾੜੂ, ਸੁਖਦੇਵ ਸਿੰਘ ਪਨੇਸਰ, ਤਰਲੋਚਨ ਸਿੰਘ ਪਨੇਸਰ, ਬਲਵਿੰਦਰ ਸਿੰਘ ਭੰਮਰਾ, ਸਰਬਜੀਤ ਸਿੰਘ ਰੀਹਲ, ਜਿੰਦਰ ਸਿੰਘ ਵਿਰਦੀ ਤੇ ਪਰਮਜੀਤ ਸਿੰਘ ਆਦਿ ਹਾਜ਼ਰ ਸਨ।

ਮੋਟਰਸਾਈਕਲ ਸਵਾਰ ਗਾਰਡ ਦੀ ਬੰਦੂਕ ਖੋਹ ਕੇ ਫਰਾਰ

ਗੁਰੂ ਹਰਸਹਾਏ (ਫਕੀਰ ਚੰਦ ਸਿੱਕਰੀ)-ਦੇਰ ਰਾਤ ਗੁੱਦੜਢੰਡੀ ਰੋਡ ਤੇ ਸਥਿਤ ਗੋਇਲ ਫੀਲਿੰਗ ਸਟੇਸ਼ਨ ਤੋਂ ਤਿੰਨ ਮੋਟਰਸਾਈਕਲ ਸਵਾਰ ਨੌਜਵਾਨ ਫਿਲਿੰਗ ਸਟੇਸ਼ਨ 'ਤੇ ਮੌਜੂਦ ਗਾਰਡ ਦੀ ਕੁੱਟਮਾਰ ਕਰਕੇ ਉਸ ਦੀ ਰਾਈਫਲ ਖੋਹ ਕੇ ਫਰਾਰ ਹੋ ਗਏ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਗੋਇਲ ਫਿਲਿੰਗ ਸਟੇਸ਼ਨ 'ਤੇ ਮੌਜੂਦ ਕਰਮਚਾਰੀ ਨੇ ਦੱਸਿਆ ਕਿ ਉਸ ਕੋਲ ਤਿੰਨ ਨੌਜਵਾਨ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ, ਜਿਨ੍ਹਾਂ ਦੇ ਮੂੰਹ ਬੰਨ੍ਹੇ ਹੋਏ ਸਨ ਅਤੇ ਉਨ੍ਹਾਂ ਵੱਲੋਂ ਉਸ ਨੂੰ ਮੋਟਰਸਾਈਕਲ ਵਿੱਚ 200 ਰੁਪਏ ਦਾ ਤੇਲ ਪਾਉਣ ਦੇ ਲਈ ਕਿਹਾ ਅਤੇ ਉਸ ਤੋਂ ਬਾਅਦ ਦੋ ਨੌਜਵਾਨਾਂ ਵੱਲੋਂ ਉਥੇ ਬੈਠੇ ਗਾਰਡ ਦੀ ਕੁੱਟਮਾਰ ਕਰਨੀ ਸ਼ੁਰੂ ਕਰ ਦਿੱਤੀ ਤੇ ਚਾਰ ਫਾਇਰ ਕੀਤੇ ਅਤੇ ਮੌਕੇ 'ਤੇ ਸਥਿਤ ਕਰਮਚਾਰੀਆਂ ਦੀ ਕੁੱਟਮਾਰ ਕਰਕੇ ਗਾਰਡ ਦੀ 12 ਬੋਰ ਦੀ ਬੰਦੂਕ ਲੈ ਕੇ ਫਰਾਰ ਹੋ ਗਏ।

ਹਾਕੀ ਖਿਡਾਰੀ ਪਰਮਜੀਤ ਕੁਮਾਰ ਨੂੰ ਮੁੱਖ ਮੰਤਰੀ ਨੇ ਸੌਂਪਿਆ ਨਿਯੁਕਤੀ ਪੱਤਰ

ਚੰਡੀਗੜ੍ਹ, (ਗੁਰਜੀਤ ਬਿੱਲਾ)-ਪੰਜਾਬ ਦੀ 'ਆਪ' ਸਰਕਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੂਬੇ ਦੇ ਲੋਕਾਂ ਦੀ ਭਲਾਈ ਲਈ ਲਗਾਤਾਰ ਯਤਨਸੀਲ ਹੈ। ਇਸ ਤੋਂ ਇਲਾਵਾ ਸੂਬੇ ਦੇ ਲੋਕਾਂ ਦੀ ਭਲਾਈ ਲਈ ਵੀ ਲਗਾਤਾਰ ਉਪਰਾਲੇ ਕਰ ਰਹੀ ਹੈ। ਹਾਲ ਹੀ 'ਚ ਰਾਸ਼ਟਰੀ ਹਾਕੀ ਖਿਡਾਰੀ ਪਰਮਜੀਤ ਕੁਮਾਰ ਦੀ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਸੀ, ਜਿਸ 'ਚ ਉਹ ਪੱਲੇਦਾਰੀ ਕਰਕੇ ਆਪਣੀ ਰੋਜ਼ੀ-ਰੋਟੀ ਕਮਾ ਰਿਹਾ ਸੀ। ਵੀਡੀਓ ਸਾਹਮਣੇ ਆਉਣ 'ਤੇ ਪੰਜਾਬ ਸਰਕਾਰ ਨੇ ਤੁਰੰਤ ਕਾਰਵਾਈ ਕਰਦੇ ਹੋਏ ਪਰਮਜੀਤ ਨੂੰ ਸਰਕਾਰੀ ਨੌਕਰੀ ਦੇ ਦਿੱਤੀ ਹੈ। ਇਸ ਨਾਲ ਪਰਮਜੀਤ ਦੀ ਜ਼ਿੰਦਗੀ 'ਚ ਖੁਸ਼ੀ ਦੀ ਲਹਿਰ ਦੌੜ ਗਈ ਹੈ। ਜ਼ਿਕਰਯੋਗ ਹੈ ਕਿ ਉਨ੍ਹਾ ਨੂੰ ਨਿਯੁਕਤੀ ਪੱਤਰ ਮੁੱਖ ਮੰਤਰੀ ਭਗਵੰਤ ਮਾਨ ਨੇ ਦਿੱਤਾ ਹੈ।

ਵੀਡੀਓ ਸਾਹਮਣੇ ਆਉਣ ਤੋਂ ਬਾਅਦ ਪਰਮਜੀਤ ਕੁਮਾਰ ਨੇ ਮੁੱਖ ਮੰਤਰੀ ਮਾਨ ਨਾਲ ਮੁਲਾਕਾਤ ਕੀਤੀ ਸੀ। ਇਸ ਦੌਰਾਨ ਭਗਵੰਤ ਮਾਨ ਨੇ ਸਾਬਕਾ ਹਾਕੀ ਖਿਡਾਰੀ ਪਰਮਜੀਤ ਨੂੰ ਖੇਡ ਵਿਭਾਗ 'ਚ ਕੋਚ ਨਿਯੁਕਤ ਕਰਨ ਦਾ ਐਲਾਨ ਕੀਤਾ ਸੀ। ਸਾਬਕਾ ਹਾਕੀ ਖਿਡਾਰੀ ਪਰਮਜੀਤ ਮਾਲ ਦੀ ਲੋਡਿੰਗ ਅਤੇ ਅਨਲੋਡਿੰਗ ਲਈ ਮਜ਼ਦੂਰ ਵਜੋਂ ਕੰਮ ਕਰਦਾ ਸੀ। ਇਸ ਦੌਰਾਨ ਮੁੱਖ ਮੰਤਰੀ ਨੇ ਪਰਮਜੀਤ ਨਾਲ ਮੁਲਾਕਾਤ ਤੋਂ ਬਾਅਦ ਟਵੀਟ ਕੀਤਾ ਕਿ ਪਰਮਜੀਤ ਨੂੰ ਖੇਡ ਵਿਭਾਗ 'ਚ ਹਾਕੀ ਕੋਚ ਵਜੋਂ ਨੌਕਰੀ ਦਿੱਤੀ ਜਾਵੇਗੀ ਅਤੇ ਇਸ ਦੀ ਸਾਰੀ ਕਾਰਵਾਈ ਜਲਦੀ ਹੀ ਪੂਰੀ ਕਰ ਲਈ ਜਾਵੇਗੀ ਇਸ ਤੋਂ ਬਾਅਦ ਸ਼ਨੀਵਾਰ ਉਹਨਾ ਪਰਮਜੀਤ ਨੂੰ ਨੌਕਰੀ ਲਈ ਨਿਯੁਕਤੀ ਪੱਤਰ ਸੌਂਪਿਆ।

ਰੇਤੇ ਦੀਆਂ ਕੀਮਤਾਂ 'ਚ ਭਾਰੀ ਗਿਰਾਵਟ ਕਾਰਨ ਆਮ ਲੋਕ ਖੁਸ਼ : ਹਰਪ੍ਰੀਤ ਰਿੱਕੀ

ਧਰਮਕੋਟ (ਗੁਰਦੀਪ ਸਿੰਘ ਭੁੱਲਰ) : ਆਮ ਆਦਮੀ ਪਾਰਟੀ ਜੋ ਵਾਅਦੇ ਕਰਦੀ ਹੈ ਉਨ੍ਹਾਂ ਨੂੰ ਪੂਰਾ ਕਰਦੀ ਹੈ, ਜਿਉਂ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਆਈ ਉੱਦੋਂ ਤੋਂ ਹੀ ਪੰਜਾਬ ਦਾ ਹਰ ਵਰਗ ਖੁਸ਼ ਨਜ਼ਰ ਆ ਰਿਹਾ ਹੈ, ਕਿਉਂਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਰਿਸ਼ਵਤਖੋਰੀ ਨੂੰ ਪੂਰੀ ਤਰ੍ਹਾਂ ਨਾਲ ਬੰਦ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜੇਕਰ ਆਮ ਆਦਮੀ ਪਾਰਟੀ ਦਾ ਕੋਈ ਵੀ ਵਿਧਾਇਕ ਰਿਸ਼ਵਤ ਲੈਂਦਾ ਫੜਿਆ ਗਿਆ ਤਾਂ ਉਸ ਨੂੰ ਵੀ ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਰੇਤੇ ਦੀਆਂ ਸਰਕਾਰੀ ਖੱਡਾਂ ਨੂੰ ਖੋਲ੍ਹਿਆ ਹੈ, ਉਦੋਂ ਤੋਂ ਹੀ ਰੇਤ

ਮਾਫੀਆ ਉਪਰ ਬਹੁਤ ਹੱਦ ਤੱਕ ਲਗਾਮ ਲੱਗ ਚੁੱਕੀ ਹੈ ਅਤੇ ਨਜਾਇਜ਼ ਮਾਈਨਿਗ ਵੀ ਰੁਕ ਗਈ ਹੈ। ਹਰਪ੍ਰੀਤ ਸਿੰਘ ਰਿੱਕੀ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਇਸ ਪਹਿਲ ਕਦਮੀ ਨਾਲ ਮਾਰਕੀਟ ਵਿਚ ਰੇਤਾ ਦੇ ਰੇਟਾਂ ਵਿੱਚ ਭਾਰੀ ਕਮੀ ਆਈ ਹੈ ਤੇ ਆਮ ਜਨਤਾ ਨੂੰ ਰੇਤਾ ਬਹੁਤ ਹੀ ਵਾਜਬ ਮੁੱਲ 'ਤੇ ਮਿਲਣ ਲੱਗ ਪਈ ਹੈ। ਇਸ ਮੌਕੇ ਉਨ੍ਹਾਂ ਦੇ ਨਾਲ ਪਰਮਜੀਤ ਸਿੰਘ ਗੋਲੂ ਲੋਹਗੜ੍ਹ, ਭੁਪਿੰਦਰ ਸਿੰਘ ਢਿੱਲੋਂ, ਭਜਨ ਸਿੰਘ ਬੱਤਰਾ, ਸਾਬਕਾ ਐਮ ਸੀ ਤਰਸੇਮ ਸਿੰਘ ਭੱਟੀ, ਕੁਲਵਿੰਦਰ ਸਿੰਘ, ਜਸਪ੍ਰੀਤ ਸਿੰਘ ਲਾਲੀ ਭੱਟੀ ਆਦਿ ਹਾਜ਼ਰ ਸਨ।

ਬ੍ਰਾਂਡੇਡ ਕੰਪਨੀ ਦੀ ਮੋਹਰ ਲਗਾ ਕੇ ਸੀ ਪੀ ਵੀ ਸੀ ਪਾਈਪਾਂ ਬਣਾਉਣ ਵਾਲੀ ਫ਼ੈਕਟਰੀ ਦਾ ਸਮਾਨ ਜ਼ਬਤ

ਤਪਾ ਮੰਡੀ (ਅਰੁਣ ਗੋਇਲ) : ਬਰਨਾਲਾ-ਬਠਿੰਡਾ ਨੈਸ਼ਨਲ ਹਾਈਵੇ ਰੋਡ 'ਤੇ ਸਥਿਤ ਪਿੰਡ ਘੁੰਨਸ ਨਜ਼ਦੀਕ ਸਥਿਤ ਗਰਗ ਪੋਲੀਮਰ ਨਾਕਮ ਪਲਾਸਟਿਕ ਪਾਈਪਾਂ ਦੀ ਫ਼ੈਕਟਰੀ 'ਚ ਵੀਰਵਾਰ ਦੇਰ ਸ਼ਾਮ ਪੁਲਸ ਨੇ ਛਾਪੇਮਾਰੀ ਕਰਦਿਆਂ ਨਾਜਾਇਜ਼ ਤੌਰ 'ਤੇ ਕੰਪਨੀ ਦੀ ਮੋਹਰ ਲੱਗੀਆਂ ਪਾਇਪਾਂ ਬਰਾਮਦ ਕੀਤੀਆਂ।

ਥਾਣਾ ਰੂੜੇਕੇ ਕਲਾਂ ਦੇ ਮੁਖੀ ਇੰਸਪੈਕਟਰ ਜਗਜੀਤ ਸਿੰਘ ਨੇ ਦੱਸਿਆ ਕਿ ਸੁਪਰੀਮ ਕੰਪਨੀ ਦੇ ਅਧਿਕਾਰੀ ਅਨਿਲ ਸ਼ਰਮਾ ਤੇ ਆਸ਼ੀਰਵਾਦ ਕੰਪਨੀ ਦੇ ਅਧਿਕਾਰੀ ਪਰਮਜੀਤ ਸਿੰਘ ਨੋਇਡਾ ਯੂ ਪੀ ਨੇ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈ ਕਿ ਜ਼ਿਲ੍ਹੇ ਦੇ ਪਿੰਡ ਧੌਲਾ, ਘੁੰਨਸ ਕੋਲ ਇਕ ਪਲਾਸਟਿਕ ਦੀਆਂ ਪਾਈਪਾਂ ਦੀ ਕੰਪਨੀ 'ਚ ਸੁਪਰੀਮ ਕੰਪਨੀ ਤੇ ਆਸ਼ੀਰਵਾਦ ਕੰਪਨੀ ਦੀਆਂ ਜਾਲ੍ਹੀ ਪਾਈਪਾਂ ਤਿਆਰ ਕਰਕੇ ਮਾਰਕੀਟ 'ਚ ਵੇਚੀਆਂ ਜਾ ਰਹੀਆਂ ਹਨ। ਇੰਸਪੈਕਟਰ ਜਗਜੀਤ ਸਿੰਘ ਨੇ ਦੱਸਿਆ ਕਿ ਸ਼ਿਕਾਇਤ ਦੇ ਆਧਾਰ 'ਤੇ ਪੁਲਸ ਟੀਮ ਨੇ ਕੰਪਨੀ ਦੇ ਅਧਿਕਾਰੀਆਂ ਸਣੇ ਫ਼ੈਕਟਰੀ 'ਚ ਜਾ ਕੇ ਸਾਮਾਨ ਜਬਤ ਕਰਦਿਆਂ ਕੇਸ ਦੀ ਪੜਤਾਲ ਕੀਤੀ। ਉਨ੍ਹਾਂ ਦੱਸਿਆ ਕਿ ਸੁਪਰੀਮ ਕੰਪਨੀ ਦੇ ਅਧਿਕਰੀ ਅਨਿਲ ਸ਼ਰਮਾ ਦੇ ਬਿਆਨਾਂ 'ਤੇ ਗਰਗ ਪੋਲੀਮਰ ਦੇ ਮਾਲਕ ਬਿੰਦਰ ਗਰਗ ਵਾਸੀ ਬਰਨਾਲਾ 'ਤੇ ਕਾਪੀਰਾਈਟ ਐਕਟ ਤਹਿਤ ਕੇਸ ਦਰਜ ਕਰ ਨਕਲੀ ਬ੍ਰਾਂਡੇਡ ਪਾਈਪਾਂ ਜਬਤ ਕਰ ਲਈਆਂ ਹਨ।

ਅੱਜ-ਨਾਮਾ

ਰਾਮ ਰਹੀਮ ਦੇ ਕੇਸ ਵਿੱਚ ਖਬਰ ਆ ਗਈ,
ਦੋਹ ਸਰਕਾਰਾਂ ਦਾ ਹੁੰਦਾ ਪਿਆ ਭੇੜ ਬੇਲੀ।
ਜਿਸ ਤਰ੍ਹਾਂ ਜਾਂਦੀ ਆ ਦਿੱਤੀ ਪੈਰੋਲ ਉਸ ਨੂੰ,
ਉਸ ਦੀ ਬਹਿਸ ਦਾ ਚੱਲੇ ਪਿਆ ਗੇੜ ਬੇਲੀ।
ਹਰਿਆਣਾ ਆਖੇ ਪੈਰੋਲ ਆ ਹੱਕ ਉਸ ਦਾ,
ਕੋਈ ਨਾ ਸਕਦਾ ਇਹ ਹੱਕ ਉਖੇੜ ਮੀਆਂ।
ਪੰਜਾਬ ਕਹੇ ਕਿ ਬਾਬਾ ਜੇ ਬਾਹਰ ਆਉਂਦਾ,
ਨਵੀਂ ਉਹ ਛੇੜ ਦੇਊ ਕਿਸੇ ਥਾਂ ਛੇੜ ਬੇਲੀ।
ਸਰਕਾਰਾਂ ਭਿੜਨ ਤੇ ਬਾਬੇ ਨੂੰ ਫਿਕਰ ਹੈ ਨਾ,
ਗਾਉਂਦਾ ਈ ਢੋਲੇ ਤੇ ਮੌਜ ਉਹ ਮਾਣਦਾ ਈ।
ਦਿਆਲੂ ਦਿੱਲੀ ਹੀ ਵਿਗੜਨ ਨਾ ਕੱਖ ਦੇਂਦੀ,
ਵਿਚਲੀ ਰਮਜ਼ ਨੂੰ ਸਿਰਫ ਉਹ ਜਾਣਦਾ ਈ।

-ਤੀਸ ਮਾਰ ਖਾਂ

ਕੌਮਾਂਤਰੀ ਔਰਤ ਦਿਵਸ ਮੌਕੇ ਕਾਨਫਰੰਸ ਦੀ ਤਿਆਰੀ ਤੇ ਨਵੀਂ ਖੇਤੀ ਨੀਤੀ ਸੰਬੰਧੀ ਮੀਟਿੰਗ

ਮਲੋਟ, (ਗੁਰਮੀਤ ਸਿੰਘ ਮੱਕੜ) : ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਪੰਜਾਬ ਸੂਬਾ ਕਮੇਟੀ ਦੇ ਸੱਦੇ 'ਤੇ ਜ਼ਿਲ੍ਹਾ ਪੱਧਰੀ ਸ਼੍ਰੀ ਮੁਕਤਸਰ ਸਾਹਿਬ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਹਰਬੰਸ ਸਿੰਘ ਕੋਟਲੀ ਅਬਲੂ ਦੀ ਪ੍ਰਧਾਨਗੀ ਹੇਠ ਨਵੀਂ ਦਾਣਾ ਮੰਡੀ ਨੇੜੇ ਵਾਟਰ ਵਰਕਸ ਮਲੋਟ ਵਿਖੇ ਹੋਈ, ਜਿਸ ਵਿੱਚ ਕੌਮਾਂਤਰੀ ਔਰਤ ਦਿਵਸ ਮੌਕੇ ਕੀਤੀ ਜਾਣ ਵਾਲੀ ਬਰਨਾਲਾ ਕਾਨਫਰੰਸ ਦੀ ਤਿਆਰੀ 'ਤੇ ਪੰਜਾਬ ਸਰਕਾਰ ਵੱਲੋਂ ਲਿਆਂਦੀ ਜਾ ਰਹੀ ਨਵੀਂ ਖੇਤੀ ਨੀਤੀ ਆਦਿ ਮੰਗਾਂ 'ਤੇ ਵਿਚਾਰ ਚਰਚਾ ਕੀਤੀ। ਬੁਲਾਰਿਆਂ ਨੇ ਕਿਹਾ ਕਿ ਮਰਦ ਪ੍ਰਧਾਨ ਸਮਾਜ ਅੰਦਰ ਔਰਤਾਂ ਨਾਲ ਥਾਂ-ਥਾਂ ਵਿਤਕਰਾ ਤੇ ਧੱਕੇਸ਼ਾਹੀ ਹੋ ਰਹੀ ਹੈ। ਇਨ੍ਹਾਂ ਧੱਕੇਸ਼ਾਹੀਆਂ ਨੂੰ ਰੋਕਣ ਲਈ ਔਰਤਾਂ ਨੂੰ ਸੰਘਰਸ਼ ਦੇ ਮੈਦਾਨ ਵਿਚ ਸ਼ਾਮਲ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਮਜ਼ਦੂਰਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਲਈ ਵੀ ਔਰਤਾਂ ਨੂੰ ਸੰਘਰਸ਼ ਦੇ ਮੈਦਾਨ ਵਿੱਚ ਮਰਦਾਂ ਦੇ ਬਰਾਬਰ ਯੋਗਦਾਨ ਪਾਏ ਬਿਨਾਂ ਸਮੱਸਿਆਵਾਂ ਦਾ ਹੱਲ ਨਹੀਂ ਹੋ ਸਕਦਾ। ਇਸ ਮੌਕੇ ਔਰਤਾਂ ਨੂੰ ਲਾਮਬੰਦ ਕਰਕੇ ਕਾਨਫਰੰਸ ਵਿੱਚ ਪਹੁੰਚਣ ਲਈ ਬਲਾਕ ਪੱਧਰ 'ਤੇ ਪਿੰਡਾਂ ਵਿੱਚ ਮੀਟਿੰਗਾਂ ਰੈਲੀਆਂ ਕਰਨ ਦੀ ਵਿਉਂਤਬੰਦੀ ਕੀਤੀ ਗਈ। ਇਸ ਮੌਕੇ ਸਮੂਹ ਆਗੂਆਂ ਨੇ ਬਰਨਾਲਾ ਕਾਨਫਰੰਸ ਦੀ ਪੂਰਨ ਸਫਲਤਾ ਲਈ ਹਰ ਪੱਧੋਂ ਜ਼ੋਰਦਾਰ ਤਿਆਰੀਆਂ ਕਰਨ ਦਾ ਅਹਿਦ ਲਿਆ। ਆਗੂਆਂ ਨੇ ਔਰਤਾਂ ਨੂੰ ਭਰਵੀਂ ਸ਼ਮੂਲੀਅਤ ਕਰਨ ਦਾ ਸੱਦਾ ਵੀ ਦਿੱਤਾ। ਵੱਖਰੇ ਮਤੇ ਰਾਹੀਂ ਸਰਕਾਰ ਵੱਲੋਂ ਨਵੀਂ ਖੇਤੀ ਨੀਤੀ ਲਿਆਂਦੀ ਜਾ ਰਹ

5-March-2023-page-11.qxd 3/4/2023 10:38 PM Page 1

ਗੁਰਦੁਆਰਾ ਚੋਲਾ ਸਾਹਿਬ ਤੋਂ ਇਤਿਹਾਸਕ ਪਾਲਕੀ ਗੁੰਮ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਕਰਤਾਰਪੁਰ ਸਾਹਿਬ ਲਾਂਘੇ ਦੇ ਮੋਢੀ ਪ੍ਰਚਾਰਕ ਭਬੀਸ਼ਨ ਸਿੰਘ ਗੁਰਾਇਆ ਨੇ ਈਮੇਲ ਭੇਜ ਕੇ ਇਲਜ਼ਾਮ ਲਾਇਆ ਹੈ ਕਿ ਇਤਿਹਾਸਕ ਗੁਰਦੁਆਰਾ ਡੇਰਾ ਬਾਬਾ ਨਾਨਕ ਵਿਖੇ ਜਿਹੜੀ ਮਹਾਰਾਜਾ ਰਣਜੀਤ ਸਿੰਘ ਦੀ ਚੜ੍ਹਾਈ ਹੋਈ ਸੁਨਹਿਰੀ ਪਾਲਕੀ ਸੀ ਉਹ ਅਲੋਪ ਹੈ। 2018 'ਚ ਜਦੋਂ ਕਰਤਾਰਪੁਰ ਸਾਹਿਬ ਲਾਂਘਾ ਖੁੱਲ੍ਹਣ ਦੇ ਆਸਾਰ ਬਣੇ ਤਾਂ ਡੇਰਾ ਬਾਬਾ ਨਾਨਕ ਗੁਰਦੁਆਰਾ ਦੀ ਚੰਗੀ ਭਲੀ ਇਮਾਰਤ ਦੀ ਕਾਰਸੇਵਾ ਬਾਬਾ ਸੇਵਾ ਸਿੰਘ ਖਡੂਰ ਸਾਹਿਬ ਨੂੰ ਸੌਂਪ ਦਿੱਤੀ ਗਈ। ਉਦੋਂ ਸੰਗਤਾਂ ਨੇ ਕਾਰ ਸੇਵਾ ਦੀ ਵਿਰੋਧਤਾ ਵੀ ਕੀਤੀ ਸੀ।

23 ਫਰਵਰੀ 2021 ਨੂੰ ਨਵੀਂ ਬਣੀ ਇਮਾਰਤ ਵਿਚ ਪ੍ਰਕਾਸ਼ ਕਰ ਦਿੱਤਾ ਗਿਆ ਪਰ ਮਹਾਰਾਜੇ ਵਾਲੀ ਸੁਨਹਿਰੀ ਇਤਹਾਸਿਕ ਪਾਲਕੀ ਗੁਰਦੁਆਰਾ ਸਾਹਿਬ ਵਿਚ ਗਾਇਬ ਸੀ ਤਾਂ ਕਾਰ ਸੇਵਾ ਬਾਬੇ ਨੇ ਕਿਹਾ ਸੀ ਕਿ ਜਲਦੀ ਹੀ ਸੁਨਹਿਰੀ ਪਾਲਕੀ ਵੀ ਸੁਸ਼ੋਭਿਤ ਕਰ ਦਿੱਤੀ ਜਾਵੇਗੀ ਪਰ ਅੱਜ ਤਕ ਪਾਲਕੀ ਅਲੋਪ ਹੈ। ਯਾਦ ਰਹੇ ਜਦੋਂ ਕਾਰ ਸੇਵਾ ਚਲ ਰਹੀ ਸੀ ਤਾਂ ਇਮਾਰਤ ਤਿਆਰ ਹੋਣ ਤਕ ਪਾਲਕੀ ਨੂੰ ਲੋਹੇ ਦੀਆਂ ਚਾਦਰਾਂ ਪਾ ਕੇ ਢੱਕ ਕੇ ਰੱਖਿਆ ਗਿਆ ਸੀ। ਫਿਰ ਅਚਾਨਕ ਚੁੱਪ-ਚੁੱਪੀਤੇ ਪਾਲਕੀ ਨੂੰ ਓਥੋਂ ਹਟਾ ਦਿਤਾ ਗਿਆ। ਅੱਜਕਲ ਡੇਰਾ ਬਾਬਾ ਨਾਨਕ ਵਿਖੇ ਇਤਿਹਾਸਕ ਚੋਲਾ ਸਾਹਿਬ ਦਾ ਮੇਲਾ ਚਲ ਰਿਹਾ ਹੈ। ਗੁਰਾਇਆ ਦਾ ਕਹਿਣਾ ਹੈ ਕਿ ਸੰਗਤਾਂ ਨੂੰ ਚਿੰਤਾ ਹੈ ਕਿ ਕਿਤੇ ਸੁਨਹਿਰੀ ਪਾਲਕੀ ਦਾ ਵੀ ਉਹੋ ਹਸ਼ਰ ਨਾ ਹੋ ਜਾਵੇ ਜੋ ਸ਼੍ਰੋਮਣੀ ਕਮੇਟੀ ਨੇ ਸੈਂਕੜੇ ਇਤਿਹਾਸਕ ਹੱਥ ਲਿਖਤ ਦਸਤਾਵੇਜ਼ਾਂ ਦਾ ਕੀਤਾ ਹੈ। ਕਾਰ ਸੇਵਾ ਬਾਬਾ, ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਇਹ ਸਪੱਸ਼ਟ ਕਰੇ ਕਿ ਪਾਲਕੀ ਕਿਥੇ ਹੈ ਤੇ ਕਿਓਂ ਹਟਾਈ ਗਈ ਹੈ?

ਪੈਦਲ ਸੰਗ ਦੌਰਾਨ ਸ਼ਰਧਾਲੂ ਦੀ ਮੌਤ, ਇੱਕ ਗੰਭੀਰ ਜ਼ਖਮੀ

ਕਲਾਨੌਰ (ਮਨਦੀਪ ਕੋਹਲੀ)-ਸੰਗ ਦੌਰਾਨ ਪੈਦਲ ਯਾਤਰਾ ਕਰ ਰਹੇ ਸ਼ਰਧਾਲੂਆਂ ਵਿੱਚ ਮੋਟਰਸਾਈਕਲ ਟਕਰਾਉਣ ਕਾਰਨ ਇੱਕ ਦੀ ਮੌਕੇ 'ਤੇ ਮੌਤ ਹੋ ਗਈ ਜਦਕਿ ਦੂਸਰੇ ਦੀ ਹਾਲਤ ਗੰਭੀਰ ਬਣੀ ਹੋਈ ਹੈ। ਇਹ ਸੰਗ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਵਿੱਤਰ ਅੰਗ ਵਸਤਰ ਚੋਲਾ ਸਾਹਿਬ ਦੇ ਦਰਸ਼ਨਾਂ ਲਈ ਡੇਰਾ ਬਾਬਾ ਨਾਨਕ ਜਾ ਰਿਹਾ ਸੀ।

ਜਾਣਕਾਰੀ ਅਨੁਸਾਰ ਬੀਤੀ ਦੇਰ ਰਾਤ ਕਲਾਨੌਰ ਬਟਾਲਾ ਮਾਰਗ 'ਤੇ ਪੈਂਦੇ ਪਿੰਡ ਖੁਸ਼ੀਪੁਰ ਤੇ ਦਲੇਰਪੁਰ ਦੇ ਦਰਮਿਆਨ ਸ਼ਰਧਾਲੂ ਪੈਦਲ ਯਾਤਰਾ ਰਾਹੀਂ ਡੇਰਾ ਬਾਬਾ ਨਾਨਕ ਨੂੰ ਜਾ ਰਹੇ ਸਨ ਕਿ ਪਿਛੋਂ ਆ ਰਿਹਾ ਮੋਟਰਸਾਈਕਲ ਸ਼ਰਧਾਲੂਆਂ ਦਵਿੰਦਰ ਸਿੰਘ (30) ਪੁੱਤਰ ਹਰਭਜਨ ਸਿੰਘ ਵਾਸੀ ਬਹਾਦਰਪੁਰ ਅਤੇ ਬੇਅੰਤ ਸਿੰਘ ਵਾਸੀ ਬਹਾਦਰਪੁਰ ਵਿੱਚ ਜਾ ਟਕਰਾਇਆ ਜਿਸ ਦੌਰਾਨ ਦਵਿੰਦਰ ਸਿੰਘ ਦੀ ਮੌਕੇ 'ਤੇ ਮੌਤ ਹੋ ਗਈ ਜਦਕਿ ਦੂਸਰੇ ਜ਼ਖਮੀ ਹੋਏ ਬੇਅੰਤ ਸਿੰਘ ਨੂੰ ਕਮਿਊਨਿਟੀ ਸਿਹਤ ਕੇਂਦਰ ਕਲਾਨੌਰ ਵਿੱਚ ਤਾਇਨਾਤ 108 ਐਂਬੂਲੈਂਸ ਦੇ ਫਾਰਮਸਿਸਟ ਹਰਕੰਵਲ ਸਿੰਘ ਅਤੇ ਪਾਇਲਟ ਸਰਵਣ ਸਿੰਘ ਵੱਲੋਂ ਮੁੱਢਲੀ ਸਹਾਇਤਾ ਦੇਣ ਉਪਰੰਤ ਕਮਿਊਨਿਟੀ ਸਿਹਤ ਕੇਂਦਰ ਕਲਾਨੌਰ ਵਿਖੇ ਦਾਖਲ ਕਰਵਾਇਆ ਜਿਥੇ ਉਸਦੀ ਹਾਲਤ ਗੰਭੀਰ ਹੋਣ ਕਾਰਨ ਉਸ ਨੂੰ ਅੰਮ੍ਰਿਤਸਰ ਦੇ ਹਸਪਤਾਲ ਵਿਖੇ ਰੈਫਰ ਕਰ ਦਿੱਤਾ ਗਿਆ। ਇਸ ਘਟਨਾ ਦੀ ਖਬਰ ਮਿਲਦਿਆਂ ਹੀ ਪੁਲਿਸ ਥਾਣਾ ਕਲਾਨੌਰ ਦੇ ਐੱਸਐੱਚਓ ਮਨਜੀਤ ਸਿੰਘ ਘਟਨਾ ਸਥਾਨ ਤੇ ਪਹੁੰਚੇ ਅਤੇ ਲਾਸ਼ ਨੂੰ ਕਬਜ਼ੇ ਵਿਚ ਲੈ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਨੀਲਧਾਰੀ ਸੰਪਰਦਾਇ ਵੱਲੋਂ ਤਿੰਨ ਦਿਨਾ ਹੋਲਾ ਮਹੱਲਾ ਸਮਾਗਮ ਸ਼ੁਰੂ

ਨੌਸ਼ਹਿਰਾ ਮੱਝਾ ਸਿੰਘ (ਸਤਨਾਮ ਸਿੰਘ ਕਿਰਤੀ, ਮਲਕੀਤ ਸਿੰਘ)-ਨੀਲਧਾਰੀ ਸੰਪਰਦਾ ਦੇ ਮੁੱਖ ਅਸਥਾਨ ਕਸਬਾ ਨੌਸ਼ਹਿਰਾ ਮੱਝਾ ਸਿੰਘ ਵਿਖੇ ਖਾਲਸਾਈ ਜਾਹੋ-ਜਲਾਲ ਦੇ ਪ੍ਰਤੀਕ ਹੋਲਾ ਮਹੱਲਾ ਦੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਸ ਮੌਕੇ ਨੀਲਧਾਰੀ ਸੰਪਰਦਾ ਗੁਰਦੁਆਰਾ ਟਰੱਸਟ ਦੇ ਪ੍ਰਧਾਨ ਸੰਤ ਕਿਰਪਾਲ ਸਿੰਘ ਚੰਡੀਗੜ੍ਹ ਵਾਲਿਆਂ ਨੇ ਦੱਸਿਆ ਕਿ ਤਿੰਨ ਦਿਨਾ ਧਾਰਮਿਕ ਸਮਾਗਮ ਸ਼ੁਰੂ ਹੋ ਗਏ ਹਨ। ਸਵੇਰੇ 11 ਵਜੇ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ ਜਿਨ੍ਹਾਂ ਦਾ ਭੋਗ 7 ਮਾਰਚ ਨੂੰ ਸਵੇਰੇ 10 ਵਜੇ ਪਵੇਗਾ। ਪ੍ਰਧਾਨ ਸੰਤ ਕਿਰਪਾਲ ਸਿੰਘ ਨੇ ਦੱਸਿਆ ਕਿ ਧਾਰਮਿਕ ਸਮਾਗਮ ਤਹਿਤ 7 ਮਾਰਚ ਨੂੰ ਸਵੇਰੇ 11 ਵਜੇ ਗੁਰਦਆਰਾ ਭੋਰਾ ਸਾਹਿਬ ਤੋਂ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਵਿਸ਼ਾਲ ਨਗਰ ਕੀਰਤਨ ਵਾਹੁ-ਵਾਹੁ ਸੇਵਕ ਸਭਾ ਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਸਜਾਇਆ ਜਾਵੇਗਾ। ਨਗਰ ਕੀਰਤਨ ਦੀ ਸਮਾਪਤੀ ਉਪਰੰਤ ਗੁਰਦੁਆਰਾ ਨਹਿਲੰਕ ਸਾਹਿਬ ਦੇ ਪਿਛਲੇ ਖੁੱਲ੍ਹੇ ਪੰਡਾਲ 'ਚ ਕੀਰਤਨ ਪ੍ਰਵਾਹ ਦਿਨ-ਰਾਤ ਜਾਰੀ ਰਹੇਗਾ ਤੇ ਰਾਤ 7 ਵਜੇ ਆਰਤੀ ਆਰੰਭ ਹੋਵੇਗੀ। ਸਮਾਪਤੀ 8 ਮਾਰਚ ਦੁਪਹਿਰ 3 ਵਜੇ ਹੋਵੇਗੀ। ਇਸ ਮੌਕੇ ਪ੍ਰਧਾਨ ਸੰਤ ਕਿਰਪਾਲ ਸਿੰਘ, ਵਾਹੁ-ਵਾਹੁ ਸੇਵਕ ਸਭਾ ਦੇ ਪ੍ਰਧਾਨ ਕੰਵਲਜੀਤ ਸਿੰਘ, ਸੰਤ ਨਿਰੰਕਾਰ ਸਿੰਘ, ਭੁਪਿੰਦਰ ਸਿੰਘ (ਸੋਨੂੰ ਬੁੱਕ ਸਟੋਰ), ਮਨਦੀਪ ਸਿੰਘ ਗਿੱਲ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ, ਰਮਨਦੀਪ ਸਿੰਘ ਸੰਧੂ ਜ਼ਿਲ੍ਹਾ ਪ੍ਰਧਾਨ ਅਕਾਲੀ ਦਲ, ਸੁਖਚੈਨ ਸਿੰਘ ਸੰਧੂ, ਲਖਵਿੰਦਰ ਸਿੰਘ ਏਐੱਸਆਈ ਸੁੱਚਾ ਸਿੰਘ ਕਾਹਲੋਂ, ਪ੍ਰਧਾਨ ਕੰਵਲਜੀਤ ਸਿੰਘ, ਅਮਨਦੀਪ ਸਿੰਘ, ਸਤਿੰਦਰ ਸਿੰਘ ਕਾਹਲੋਂ ਅਤੇ ਕਵਲਨੈਣ ਸਿੰਘ ਹਾਜ਼ਰ ਸਨ।

ਡੀ ਸੀ ਅਗਰਵਾਲ ਤੇ ਐੱਸ ਐੱਸ ਪੀ ਅਸ਼ਵਿਨੀ ਗੋਟਿਆਲ ਨੇ ਸ੍ਰੀ ਚੋਲਾ ਸਾਹਿਬ ਦੇ ਦਰਸ਼ਨ ਕੀਤੇ

ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਅਤੇ ਐੱਸਐੱਸਪੀ ਬਟਾਲਾ ਮੈਡਮ ਅਸ਼ਵਿਨੀ ਗੋਟਿਆਲ ਨੇ ਬੀਤੀ ਸ਼ਾਮ ਡੇਰਾ ਬਾਬਾ ਨਾਨਕ ਵਿਖੇ ਗੁਰਦੁਆਰਾ ਸ੍ਰੀ ਚੋਲਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਗੁਰੂ ਸਾਹਿਬ ਦੇ ਅੰਗ ਵਸਤਰ ਸ੍ਰੀ ਚੋਲਾ ਸਾਹਿਬ ਦੇ ਦਰਸ਼ਨ ਕੀਤੇ। ਇਸ ਮੌਕੇ ਬਾਬਾ ਸੁਖਦੇਵ ਸਿੰਘ ਬੇਦੀ ਅਤੇ ਗੁਰਦੁਆਰਾ ਸ੍ਰੀ ਚੋਲਾ ਸਾਹਿਬ ਦੇ ਪ੍ਰਬੰਧਕਾਂ ਨੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਅਤੇ ਐੱਸਐੱਸਪੀ ਬਟਾਲਾ ਮੈਡਮ ਗੋਟਿਆਲ ਨੂੰ ਪਾਵਨ ਚੋਲਾ ਸਾਹਿਬ ਬਾਰੇ ਜਾਣਕਾਰੀ ਦਿੱਤੀ। ਇਸੇ ਦੌਰਾਨ ਡੀਸੀ ਅਗਰਵਾਲ ਨੇ ਸਮੂਹ ਸੰਗਤਾਂ ਨੂੰ ਸ੍ਰੀ ਚੋਲਾ ਸਾਹਿਬ ਦੇ ਮੇਲੇ ਦੀ ਵਧਾਈ ਦਿੰਦਿਆਂ ਉਨ੍ਹਾਂ ਦਾ ਡੇਰਾ ਬਾਬਾ ਨਾਨਕ ਦੀ ਪਾਵਨ ਧਰਤੀ 'ਤੇ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਮੇਲੇ ਦੌਰਾਨ ਸੰਗਤਾਂ ਦੀ ਸਹੂਲਤ ਤੇ ਸੁਰੱਖਿਆ ਲਈ ਜ਼ਿਲ੍ਹਾ ਪ੍ਰਸ਼ਾਸਨ ਨੇ ਪੁਖਤਾ ਪ੍ਰਬੰਧ ਕੀਤੇ ਹੋਏ ਹਨ।

ਉਨ੍ਹਾਂ ਕਿਹਾ ਕਿ ਸੰਗਤ ਦੇ ਸਹਿਯੋਗ ਨਾਲ ਚੋਲਾ ਸਾਹਿਬ ਦਾ ਮੇਲਾ ਪੂਰੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਵੇਗਾ। ਇਸ ਮੌਕੇ ਗੁਰਦੁਆਰਾ ਕਮੇਟੀ ਵੱਲੋਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਅਤੇ ਐੱਸਐੱਸਪੀ ਬਟਾਲਾ ਮੈਡਮ ਅਸ਼ਵਿਨੀ ਗੋਟਿਆਲ ਦਾ ਸਿਰੋਪਾਓ ਨਾਲ ਸਨਮਾਨ ਕੀਤਾ ਗਿਆ।

ਸਮਾਰਟ ਮੀਟਰ ਲਗਾਉਣ ਆਏ ਬਿਜਲੀ ਮੁਲਾਜ਼ਮ ਮੋੜੇ ਬੇਰੰਗ

ਤਰਸਿਕਾ (ਤਰਸੇਮ ਸਿੰਘ ਸਾਧਪੁਰ)-ਪੰਜਾਬ ਸਰਕਾਰ ਲਗਾਤਾਰ ਗਰੀਬ ਮਾਰੂ ਤੇ ਕਾਰਪੋਰੇਟ ਪੱਖੀ ਫੈਸਲੇ ਲੋਕਾਂ ਤੇ ਲੱਦ ਰਹੀ ਜਿਸਦਾ ਇੱਕ ਰੂਪ ਬਿਜਲੀ ਵਿਭਾਗ ਵੱਲੋਂ ਧੱਕੇ ਨਾਲ ਲਗਾਏ ਜਾ ਰਹੇ ਸਮਾਰਟ ਮੀਟਰਾਂ ਤੋਂ ਸਾਹਮਣੇ ਆ ਰਿਹਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਜ਼ਿਲ੍ਹਾ ਅੰਮ੍ਰਿਤਸਰ ਦੇ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ ਨੇ ਮੀਡੀਆ ਨਾਲ ਗੱਲ ਕਰਦੇ ਕੀਤਾ। ਉਨ੍ਹਾਂ ਕਿਹਾ ਕਿ ਬਿਜਲੀ ਮੰਤਰੀ ਈਟੀਓ ਹਰਭਜਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਉਤੇ ਬਿਜਲੀ ਵਿਭਾਗ ਵੱਲੋਂ ਜ਼ਿਲ੍ਹਾ ਅੰਮ੍ਰਿਤਸਰ ਦੇ ਪਿੰਡ ਰਾਮਦੀਵਾਲੀ ਵਿਚ ਮੀਟਰ ਲਗਾਉਣ ਦੀ ਕਾਰਵਾਈ ਦਾ ਵਿਰੋਧ ਪਿੰਡ ਵਾਸੀਆਂ ਨੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਵਿਚ ਵੱਡੇ ਇੱਕਠ ਦੇ ਰੂਪ ਵਿਚ ਕਰਕੇ ਬਿਜਲੀ ਮੁਲਾਜ਼ਮਾਂ ਨੂੰ ਮੀਟਰ ਲਗਾਉਣ ਤੋਂ ਰੋਕਿਆ। ਉਨ੍ਹਾਂ ਕਿਹਾ ਕਿ ਸਮਾਰਟ ਮੀਟਰ ਲਾਉਣੇ ਬਿਜਲੀ ਵਿਭਾਗ ਨੂੰ ਪੂਰੇ ਤਰੀਕੇ ਨਾਲ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿਚ ਦੇਣ ਦੀ ਕਵਾਇਦ ਦਾ ਹੀ ਇੱਕ ਸਟੈਪ ਹੈ। ਉਨ੍ਹਾਂ ਕਿਹਾ ਕਿ ਜਥੇਬੰਦੀ ਲੋਕਾਂ ਦੇ ਇਸ ਫੈਸਲੇ ਨਾਲ ਪੂਰੇ ਤਰੀਕੇ ਨਾਲ ਖੜੀ ਹੈ। ਉਨ੍ਹਾਂ ਕਿਹਾ ਕਿ ਅਸੀਂ ਬਿਜਲੀ ਅਦਾਰਾ ਨਹੀਂ ਵਿਕਣ ਦੇਵਾਂਗੇ। ਲੋਕਾਂ ਨੂੰ ਬਿਜਲੀ 2 ਰੁਪਏ ਯੂਨਿਟ ਦੇ ਹਿਸਾਬ ਨਾਲ ਮਿਲਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਸੀਂ ਸਰਕਾਰ ਅਤੇ ਅਦਾਰੇ ਨੂੰ ਚੇਤਾਵਨੀ ਦਿੰਦੇ ਹਾਂ ਕਿ ਸਮਾਰਟ ਮੀਟਰ ਲਾਉਣੇ ਬੰਦ ਕਰੇ ਨਹੀਂ ਤਾਂ ਤਿੱਖੇ ਵਿਰੋਧ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸਰਕਾਰ ਸਮਾਰਟ ਮੀਟਰ ਲਗਾ ਕੇ ਪ੍ਰੀਪੇਡ ਮੀਟਰ ਲਗਾਉਣ ਦੀ ਕਵਾਇਦ ਵੱਲ ਨੂੰ ਅੱਗੇ ਵੱਧ ਰਹੀ ਹੈ ਜਿਸ ਨਾਲ ਹਜ਼ਾਰਾਂ ਦੀ ਗਿਣਤੀ ਵਿਚ ਦੇਰ ਸਵੇਰ ਬਿਜਲੀ ਬਿੱਲ ਤਾਰਨ ਵਾਲੇ ਗਰੀਬ ਦਿਹਾੜੀਦਾਰ ਲੋਕ ਹਨੇਰੇ ਤੇ ਗਰਮੀ ਵਿਚ ਬੈਠਣ ਨੂੰ ਮਜਬੂਰ ਹੋਇਆ ਕਰਨਗੇ। ਇਸ ਮੌਕੇ ਪਿੰਡ ਪ੍ਰਧਾਨ ਗੁਰਦੀਪ ਸਿੰਘ, ਬਲਦੇਵ ਸਿੰਘ, ਗੁਰਮੀਤ ਸਿੰਘ, ਸੁਰਜੀਤ ਸਿੰਘ, ਪ੍ਰਗਟ ਸਿੰਘ, ਰਾਜਵਿੰਦਰ ਸਿੰਘ, ਗੁਰਭੇਜ ਸਿੰਘ, ਕੁਲਬੀਰ ਸਿੰਘ, ਬਲਵੰਤ ਸਿੰਘ, ਬਲਵਿੰਦਰ ਸਿੰਘ, ਗੁਰਭੇਜ ਸਿੰਘ, ਸਤਨਾਮ ਸਿੰਘ, ਬਲਕਾਰ ਸਿੰਘ, ਗੁਰਮੀਤ ਸਿੰਘ, ਅਮਨਦੀਪ ਸਿੰਘ, ਸਵਰਨ ਸਿੰਘ ਇਲਾਵਾ ਸੈਂਕੜਿਆਂ ਦੀ ਗਿਣਤੀ ਵਿਚ ਪਿੰਡ ਵਾਸੀ, ਕਿਸਾਨ ਤੇ ਮਜ਼ਦੂਰ ਹਾਜ਼ਰ ਸਨ।

ਡਾ. ਰਾਜਾਪ੍ਰਤਾਪ ਸਿੰਘ ਨੇ ਬਤੌਰ ਵੈਟਰਨਰੀ ਅਫਸਰ ਅਹੁਦਾ ਸੰਭਾਲਿਆ

ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੌਲਣ/ਰਣਬੀਰ ਸਿੰਘ ਗੌਲਣ)-ਵੈਟਰਨਰੀ ਅਫਸਰ ਰਾਜਾਪ੍ਰਤਾਪ ਸਿੰਘ ਨੇ ਪਸ਼ੂ ਹਸਪਤਾਲ ਸੁਰਸਿੰਘ ਦਾ ਚਾਰਜ ਸੰਭਾਲ ਲਿਆ ਹੈ। ਵੈਟਰਨਰੀ ਅਫਸਰ ਰਾਜਾਪ੍ਰਤਾਪ ਸਿੰਘ ਚਾਰਜ ਸੰਭਾਲਣ ਦੌਰਾਨ ਆਪਣੇ ਪਰਿਵਾਰਕ ਮੈਂਬਰਾਂ ਨਾਲ ਪਸ਼ੂ ਹਸਪਤਾਲ ਸੁਰਸਿੰਘ ਵਿਖੇ ਪਹੁੰਚੇ, ਜਿੱਥੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਅਤੇ ਸੁਰਸਿੰਘ ਪਿੰਡ ਵਾਸੀਆਂ ਵੱਲੋਂ ਉਨ੍ਹਾਂ ਨੂੰ ਗੁਲਦਸਤਾ ਭੇਟ ਕਰਕੇ ਜੀ ਆਇਆਂ ਆਖਿਆ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਡਾਕਟਰ ਰਾਜਾਪ੍ਰਤਾਪ ਸਿੰਘ ਨੇ ਕਿਹਾ ਕਿ ਸੁਰਸਿੰਘ ਹਸਪਤਾਲ ਦਾ ਚਾਰਜ ਮਿਲਣਾ ਉਨ੍ਹਾਂ ਲਈ ਬੇਹੱਦ ਖੁਸ਼ੀ ਵਾਲੀ ਗੱਲ ਹੈ।

ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਪਿਤਾ ਸਵ. ਧੀਰਾ ਸਿੰਘ, ਜੋ ਪੇਸ਼ੇ ਤੋਂ ਪਟਵਾਰੀ ਸਨ, ਨੇ ਵੀ ਆਪਣੀ ਨੌਕਰੀ ਦੌਰਾਨ ਲੰਮਾ ਸੁਰਸਿੰਘ ਵਾਸੀਆਂ ਦੀ ਸੇਵਾ ਕੀਤੀ। ਇਸ ਮੌਕੇ ਨਵ-ਨਿਯੁਕਤ ਵੈਟਰਨਰੀ ਅਫਸਰ ਸੁਰਸਿੰਘ ਰਾਜਾਪ੍ਰਤਾਪ ਸਿੰਘ ਨੇ ਪਿੰਡ ਅਤੇ ਇਲਾਕੇ ਦੇ ਲੋਕਾਂ ਦਾ ਧੰਨਵਾਦ ਕੀਤਾ ਅਤੇ ਉਨ੍ਹਾਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਆਪਣੀ ਡਿਊਟੀ ਇਮਾਨਦਾਰੀ ਨਾਲ ਕਰਨਗੇ ਅਤੇ ਸਰਕਾਰ ਵੱਲੋਂ ਆਉਣ ਵਾਲੀਆਂ ਸਹੂਲਤਾਂ ਪਸ਼ੂ ਪਾਲਕਾਂ ਤੱਕ ਪਹੁੰਚਾਉਣਗੇ। ਇਸਦੇ ਨਾਲ ਹੀ ਉਨ੍ਹਾਂ ਕਿਹਾ ਕਿ ਇਲਾਕੇ ਦੇ ਲੋਕ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲੈਣ ਲਈ ਉਨ੍ਹਾਂ ਨਾਲ ਸੰਪਰਕ ਕਰ ਸਕਦੇ ਹਨ।

ਇਸ ਮੌਕੇ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਹਰਦਿਆਲ ਸਿੰਘ, ਪਰਮਜੀਤ ਕੌਰ, ਵੈਟਰਨਰੀ ਅਫਸਰ ਭਿੱਖੀਵਿੰਡ ਕਿਰਪਾਲ ਸਿੰਘ, ਪਟਵਾਰੀ ਹਰਪ੍ਰਤਾਪ ਸਿੰਘ, ਪੰਚਾਇਤ ਸੈਕਟਰੀ ਅਮਰਿੰਦਰਜੀਤ ਸਿੰਘ, ਗੁਰਬਿੰਦਰਬੀਰ ਸਿੰਘ, ਹਰਜੋਤ ਸਿੰਘ ਅਤੇ ਕਰਨਬੀਰ ਸਿੰਘ ਆਦਿ ਹਾਜ਼ਰ ਸਨ।

ਚੇਅਰਮੈਨ ਜ਼ਿਲ੍ਹਾ ਲੀਗਲ ਸਰਵਿਸ ਅਥਾਰਟੀ ਪਠਾਨਕੋਟ ਨੇ ਕੀਤੀ ਰੀਵਿਊ ਮੀਟਿੰਗ

ਪਠਾਨਕੋਟ (ਦਵਿੰਦਰ ਸਿੰਘ)-ਜ਼ਿਲ੍ਹਾ ਕਾਨੂੰਨੀ ਸਰਵਿਸ ਅਥਾਰਟੀ ਪਠਾਨਕੋਟ ਦੇ ਸਾਲ 2022 ਦੇ ਅੰਤਿਮ ਤਿੰਨ ਮਹੀਨਿਆਂ ਦੀ ਕਾਰਗੁਜ਼ਾਰੀ ਦੀ ਸਮੀਖਿਆ ਕਰਨ ਲਈ ਜਨਾਬ ਮੁਹੰਮਦ ਗੁਲਜ਼ਾਰ ਚੇਅਰਮੈਨ ਜ਼ਿਲ੍ਹਾ ਲੀਗਲ ਸਰਵਿਸ ਅਥਾਰਟੀ ਪਠਾਨਕੋਟ-ਕਮ-ਜ਼ਿਲ੍ਹਾ ਤੇ ਸੈਸ਼ਨ ਜੱਜ ਪਠਾਨਕੋਟ ਦੀ ਪ੍ਰਧਾਨਗੀ ਵਿੱਚ ਕੋਰਟ ਕੰਪਲੈਕਸ ਪਠਾਨਕੋਟ ਵਿਖੇ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਕੁਲਭੂਸ਼ਣ ਕੁਮਾਰ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਪਠਾਨਕੋਟ, ਰਾਜੀਵਪਾਲ ਸਿੰਘ ਚੀਮਾ ਸਕੱਤਰ ਜ਼ਿਲ੍ਹਾ ਕਾਨੂੰਨੀ ਸਰਵਿਸ ਅਥਾਰਟੀ ਪਠਾਨਕੋਟ, ਮਾਨਵ ਚ

5-March-PAGE- 12.qxd 3/4/2023 10:27 PM Page 1

ਸੁਰਜੀਤ ਫਾਊਂਡੇਸ਼ਨ ਵੱਲੋਂ ਅੰਤਰਰਾਸ਼ਟਰੀ ਮਹਿਲਾ ਦਿਵਸ ਸੰਬੰਧੀ ਸਮਾਗਮ

ਸੁਲਤਾਨਪੁਰ ਲੋਧੀ, (ਹਨੀ)

ਸ੍ਰੀ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਵਿਖੇ ਸੁਰਜੀਤ ਫਾਊਂਡੇਸ਼ਨ ਵੱਲੋਂ ਇੰਟਰਨੈਸ਼ਨਲ ਵੋਮੈਨ ਡੇ ਸਬੰਧੀ ਸਮਾਗਮ ਦਾ ਆਯੋਜਨ ਬੜੀ ਧੂਮਧਾਮ ਨਾਲ ਕੀਤਾ ਗਿਆ । ਸਮਾਗਮ ਵਿਚ ਸਾਬਕਾ ਕੇਂਦਰੀ ਮੰਤਰੀ ਹਰਸਿਮਰਤ ਕੌਰ ਬਾਦਲ ਬਤੌਰ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ । ਜਿਨ੍ਹਾਂ ਦਾ ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ, ਬੀਬੀ ਗੁਰਪ੍ਰੀਤ ਕੌਰ ਰੂਹੀ ਮੈਂਬਰ ਸ਼੍ਰੋਮਣੀ ਕਮੇਟੀ, ਇੰਜੀਨੀਅਰ ਹਰਨਿਆਮਤ ਕੌਰ ਅਤੇ ਇੰਜੀਨੀਅਰ ਨਿਮਰਤਾ ਕੌਰ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ । ਸਮਾਗਮ ਦਾ ਆਗਾਜ਼ ਬੀਬੀ ਹਰਸਿਮਰਤ ਕੌਰ ਬਾਦਲ ਵੱਲੋਂ ਪੌਦਾ ਲਗਾ ਕੇ ਕੀਤਾ ਗਿਆ । ਬੀਬੀ ਗੁਰਪ੍ਰੀਤ ਕੌਰ ਨੇ ਸਿੱਖ ਇਤਿਹਾਸ ਵਿੱਚ ਬੀਬੀਆਂ ਵੱਲੋਂ ਪਾਏ ਯੋਗਦਾਨ 'ਤੇ ਚਾਨਣਾ ਪਾਇਆ ਅਤੇ ਬੀਬੀ ਬਾਦਲ ਦਾ ਸਮਾਗਮ ਵਿਚ ਸ਼ਿਰਕਤ ਕਰਨ ਲਈ ਧੰਨਵਾਦ ਕੀਤਾ । ਇਸ ਦੌਰਾਨ ਢਾਡੀ ਜਥੇ ਵੱਲੋਂ ਵਾਰਾਂ ਪੇਸ਼ ਕੀਤੀਆ ਗਈਆਂ । ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਦੀ ਮਿਊਜਿਕ ਅਧਿਆਪਿਕਾ ਗੁਰਪ੍ਰੀਤ ਅਤੇ ਮੈਡਮ ਰਾਜਵਿੰਦਰ ਕੌਰ ਵਲੋਂ ਮਹਿਲਾ ਦਿਵਸ ਸਬੰਧੀ ਗੀਤ ਪੇਸ਼ ਕੀਤੇ । ਕਵਿਤਰੀ ਬੀਬੀ ਕੁਲਵਿੰਦਰ ਕੌਰ ਕੰਵਲ ਨੇ ਔਰਤ ਦੇ ਵੱਖ-ਵੱਖ ਪੱਖਾਂ ਅਤੇ ਮਹੱਤਵ ਸਬੰਧੀ ਚਾਨਣਾ ਪਾਇਆ । ਪ੍ਰੋਫੈਸਰ ਮਨਜੀਤ ਕੌਰ ਸ਼੍ਰੋਮਣੀ

ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਔਰਤ ਦੀ ਸਮਾਜ ਨੂੰ ਦੇਣ ਅਤੇ ਉਸ ਦੀ ਹਸਤੀ 'ਤੇ ਵਿਚਾਰ ਪੇਸ਼ ਕੀਤੇ ਗਏ । ਸ੍ਰੀ ਗੁਰੂ ਹਰਿਕ੍ਰਿਸਨ ਪਬਲਿਕ ਸਕੂਲ ਆਰ ਸੀ ਐਫ ਦੀ ਪੰਜਾਬੀ ਦੀ ਅਧਿਆਪਿਕਾ ਮੈਡਮ ਭੁਪਿੰਦਰ ਕੌਰ ਅਤੇ ਰਜਿਸਟਰਾਰ ਸੁਰਿੰਦਰਪਾਲ ਕੌਰ ਵੱਲੋਂ ਕਵਿਤਾਵਾਂ ਪੇਸ਼ ਕੀਤੀਆਂ ਗਈਆਂ ।

ਸਮਾਗਮ ਨੂੰ ਸੰਬੋਧਨ ਕਰਦਿਆਂ ਬੀਬੀ ਹਰਸਿਮਰਤ ਕੌਰ ਬਾਦਲ ਨੇ ਬੀਬੀ ਗੁਰਪ੍ਰੀਤ ਕੌਰ ਨੂੰ ਇਹ ਸਮਾਗਮ ਕਰਾਉਣ 'ਤੇ ਵਧਾਈ ਦਿੱਤੀ । ਉਨ੍ਹਾਂ ਸੰਗਤਾਂ ਨੂੰ ਗੁਰਬਾਣੀ ਨਾਲ ਜੁੜਨ, ਔਰਤ ਨੂੰ ਪੁਰਸ਼ ਦੇ ਬਰਾਬਰ ਹੱਕ ਦੇਣ, ਲੜਕੀਆਂ ਦੀ ਪੜ੍ਹਾਈ 'ਤੇ ਵੱਧ ਜੋਰ ਦੇਣ, ਭਰੂਣ ਹੱਤਿਆ ਰੋਕਣ ਅਤੇ ਹਾਜਰੀਨ ਨੂੰ ਸਿੱਖੀ ਨਾਲ ਜੁੜਨ ਦਾ ਸੁਨੇਹਾ ਦਿੱਤਾ ਗਿਆ । ਇਸ ਮੌਕੇ ਬਲਜੀਤ ਕੌਰ ਕਮਾਲਪੁਰ, ਸੁਖਵਿੰਦਰ ਕੌਰ ਕੜਾਲਾ, ਸੁਰਜੀਤ ਕੌਰ ਮੰਗੂਪੁਰ, ਗੁਰਬਖਸ਼ ਕੌਰ ਡੇਰਾ ਸੱਯਦਾ, ਮਨਜੀਤ ਕੌਰ ਪੱਤੀ ਚੱਕ ਬਲੂ ਬਹਾਦਰ, ਦੇਸ ਕੌਰ ਅਦਾਲਤ ਚੱਕ, ਗੁਰਦਿਆਲ ਸਿੰਘ ਬੂਹ, ਸੁਖਵਿੰਦਰ ਕੌਰ ਬੇਬੇ ਨਾਨਕੀ ਕਲੋਨੀ, ਬਾਬਾ ਹਰਜਿੰਦਰ ਸਿੰਘ ਚੰਡੀਗੜ੍ਹ ਬਸਤੀ, ਦਲਵਿੰਦਰ ਕੌਰ ਗੋਇੰਦਵਾਲ ਸਾਹਿਬ, ਭਾਈ ਜਰਨੈਲ ਸਿੰਘ ਮਾਝਾ, ਕੁਲਜਿੰਦਰ ਕੌਰ, ਭਜਨ ਸਿੰਘ ਫੌਜੀ ਕਲੋਨੀ, ਬਾਬਾ ਜਸਪਾਲ ਸਿੰਘ ਨੀਲਾ, ਬਾਬਾ ਅਜੀਤ ਸਿੰਘ ਭਾਗੋ ਬੁੱਢੇਵਾਲੇ, ਹਰਪ੍ਰੀਤ ਕੌਰ ਥੱਸੂਵਾਲ, ਮਨਦੀਪ ਕੌਰ ਸਬਦੁੱਲਾਪੁਰ, ਦਲਜੀਤ ਕੌਰ ਬੂਹ, ਬੀਬੀ ਦਲਬੀਰ ਕੌਰ, ਇੰਦਰ ਸਿੰਘ ਲਾਟੀਆਵਾਲ, ਗੁਰਦੀਪ ਸਿੰਘ ਚੰਡੀਗੜ੍ਹ ਬਸਤੀ, ਦਲਬੀਰ ਕੌਰ ਦਰੀਏਵਾਲ, ਬਲਵਿੰਦਰ ਕੌਰ ਬਾਬਾ ਜਵਾਲਾ ਸਿੰਘ ਨਗਰ, ਸੁਖਜੀਤ ਕੌਰ ਚੂਹੜਪੁਰ, ਰਾਜਵਿੰਦਰ ਕੌਰ ਸੁਲਤਾਨਪੁਰ ਲੋਧੀ, ਰਣਜੀਤ ਕੌਰ ਮਨਿਆਲਾ, ਮਨਦੀਪ ਕੌਰ ਪੰਡੋਰੀ ਮੁਹੱਲਾ, ਸੁਨੀਤਾ ਢਿੱਲੋਂ ਸੁਲਤਾਨਪੁਰ ਲੋਧੀ, ਹਰਜੀਤ ਕੌਰ ਆਹਲੀ ਕਲਾਂ, ਬਲਬੀਰ ਕੌਰ ਡੱਲਾ, ਬੀਬੀ ਸੁਖਵਿੰਦਰ ਕੌਰ ਕਾਲੜਾ, ਬੀਬੀ ਸਰਬਜੀਤ ਕੌਰ ਮੰਗੂਪੁਰ, ਬੀਬੀ ਗੁਰਬਖਸ ਕੌਰ, ਬੀਬੀ ਗੁਰਦੀਪ ਕੌਰ ਆਰ ਸੀ ਐੱਫ, ਬੀਬੀ ਰਣਜੀਤ ਕੌਰ ਡਡਵਿੰਡੀ, ਮਹਿੰਦਰ ਕੌਰ ਸਾਬੂਵਾਲ, ਹਰਜਿੰਦਰ ਕੌਰ ਬਿਧੀਪੁਰ, ਹਰਜੀਤ ਕੌਰ ਆਹਲੀ ਕਲਾਂ, ਦਲਬੀਰ ਕੌਰ ਡੱਲਾ ਹਾਜਰ ਸਨ ।

ਲੋਕ ਕਿੰਨਰਾਂ ਵੱਲੋਂ ਜਬਰੀ ਵਧਾਈ ਲੈਣ ਤੋਂ ਹੋ ਰਹੇ ਹਨ ਪ੍ਰੇਸ਼ਾਨ

ਖਰੜ (ਹਰਨਾਮ ਸਿੰਘ ਡੱਲਾ)- ਸਥਾਨਕ ਸ਼ਹਿਰ ਦੇ ਲੋਕਾਂ ਨੂੰ ਕਿੰਨਰਾਂ ਤੋਂ ਡਰ ਲੱਗਣ ਲਗ ਪਿਆ ਹੈ। ਇਹਨਾਂ ਵਲੋਂ ਸ਼ਹਿਰ ਦੇ ਲੋਕਾਂ ਤੋਂ ਜਬਰੀ ਦਾਨ ਵੀ ਮੰਗਿਆ ਜਾਂਦਾ ਹੈ। ਪਿਛਲੇ ਸਾਲ ਦੀਆਂ ਦੋ ਘਟਨਾਵਾਂ ਇਸ ਖਬਰ ਦਾ ਹਿੱਸਾ ਬਣਨ ਜਾ ਰਹੀਆਂ ਹਨ, ਇੱਕ ਜਦੋਂ ਖਰੜ ਦੇ ਕਿੰਨਰਾਂ ਦੇ ਦੋ ਗਰੁੱਪਾਂ ਵਿੱਚ ਆਪਸੀ ਬਿਰਤ ਜਾਂ ਏਰੀਏ ਦੀ ਵੰਡ ਨੂੰ ਲੈ ਕੇ ਝਗੜਾ ਹੋਇਆ ਸਿੱਟੇ ਵਜੋਂ ਖਰੜ ਦੇ ਨੈਸ਼ਨਲ ਹਾਈਵੇ ਉੱਤੇ ਕਿੰਨਰਾਂ ਵਲੋਂ ਜਾਮ ਲਗਾ ਦਿੱਤਾ ਗਿਆ ਅਤੇ ਪੁਲਸ ਪ੍ਰਸ਼ਾਸਨ ਵਲੋਂ ਸਮਝਾਏ ਜਾਣ ਦੇ ਬਾਵਜੂਦ ਕਿੰਨਰ ਨਿਰਵਸਤਰ ਹੋ ਕੇ ਲੋਕਾਂ ਖਾਸਕਰ ਔਰਤਾਂ ਨੂੰ ਸ਼ਰਮਸਾਰ ਕਰਦੇ ਰਹੇ। ਇੱਕ ਹੋਰ ਘਟਨਾ ਵਿੱਚ ਝੁੱਗੀਆਂ ਰੋਡ ਕਰਾਸਿੰਗ ਉੱਤੇ ਕਿਸੇ ਨਾਲ ਉਨ੍ਹਾਂ ਦੀ ਗੱਡੀ ਟਕਰਾਉਣ ਕਰਕੇ ਸ਼ਰੀਫ ਸ਼ਹਿਰੀ ਦੀ ਕੀਤੀ ਗਈ ਕੁੱਟ ਮਾਰ ਚਰਚਾ ਦਾ ਵਿਸ਼ਾ ਬਣੀ ਰਹੀ ਸੀ। ਪ੍ਰਸ਼ਾਸਨ ਨੂੰ ਕਿੰਨਰਾਂ ਦੇ ਇਸ ਰਵੱਈਏ ਦਾ ਭਲੀਭਾਂਤ ਪਤਾ ਹੋਣ ਦੇ ਬਾਵਜੂਦ ਕੋਈ ਠੋਸ ਕਾਰਵਾਈ ਨਹੀਂ ਕੀਤੀ ਜਾਂਦੀ ਰਹੀ । ਕਿੰਨਰਾਂ ਦੇ ਇਸ ਰਵੱਈਏ ਤੋਂ ਖਰੜ ਦੇ ਬਾਸ਼ਿੰਦੇ ਬਹੁਤ ਪ੍ਰੇਸ਼ਾਨ ਹਨ।

ਪੰਜਾਬੀ ਦੇ ਪ੍ਰਸਿੱਧ ਲੇਖਕ ਜਸਵਿੰਦਰ ਸਿੰਘ ਕਾਈਨੌਰ ਨੇ ਦਸਿਆ ਕਿ ਉਹਨਾਂ ਨੇ ਕੁਝ ਮਹੀਨੇ ਪਹਿਲਾਂ ਦਸਮੇਸ਼ ਨਗਰ ਖਰੜ ਵਿਖੇ ਨਵਾਂ ਘਰ ਬਣਾ ਕੇ ਰਹਿਣਾ ਸ਼ੁਰੂ ਕੀਤਾ ਸੀ ਕਿ ਕਿੰਨਰਾਂ ਦਾ ਇੱਕ ਟੋਲਾ ਨਵੇਂ ਬਣੇ ਮਕਾਨ ਦੀ ਵਧਾਈ ਲੈਣ ਲਈ ਆ ਧਮਕਿਆ ਅਤੇ 21000/- ਰੁਪਏ ਦੀ ਮੰਗ ਕਰਨ ਲੱਗਾ। ਅਸੀਂ ਗਿਆਰਾਂ ਸੌ ਰੁਪਏ ਦੇਣਾ ਮੰਨ ਵੀ ਗਏ, ਪਰ ਉਹ ਸਾਨੂੰ ਅਸ਼ਲੀਲ ਸ਼ਬਦਾਂ ਨਾਲ ਸ਼ਰਮਸਾਰ ਕਰਦੇ ਰਹੇ ਅਤੇ ਅਸੀਂ 5100/- ਰੁਪਏ ਦੇ ਆਪਣਾ ਪਿੱਛਾ ਛੁਡਾਇਆ। ਹਾਲ ਹੀ ਦੇ ਦਿਨਾਂ ਵਿੱਚ ਅਸੀਂ ਆਪਣੇ ਬੇਟੇ ਦਾ ਵਿਆਹ ਕੀਤਾ ਹੈ ਤਾਂ ਇਹ ਟੋਲਾ ਫਿਰ ਆਣ ਧਮਕਿਆ ਅਤੇ ਮੇਰੀ ਪਤਨੀ ਤੋਂ ਇੱਕ ਲੱਖ ਇੱਕ ਹਜ਼ਾਰ ਰੁਪਏ ਦੀ ਮੰਗ ਕਰਦਾ ਰਿਹਾ। ਮੇਰੀ ਪਤਨੀ ਨੇ ਇਹ ਕਹਿ ਕੇ ਪਿੱਛਾ ਛੁਡਵਾਇਆ ਕਿ ਜਦੋਂ ਮੇਰੇ ਬੱਚੇ ਘਰ ਹੋਣ ਤੁਸੀਂ ਫਿਰ ਆਉਣਾ, ਮੇਰੇ ਪਾਸ ਇੰਨੇ ਪੈਸੇ ਨਹੀਂ ਹਨ। ਜਸਵਿੰਦਰ ਦਾ ਕਹਿਣਾ ਹੈ ਕਿ ਕਿੰਨਰਾਂ ਦੀ ਬੇਇੱਜਤੀ ਦੇ ਡਰ ਤੋਂ ਲੋਕ ਇਨ੍ਹਾਂ ਦੀ ਲੁੱਟ ਦਾ ਸ਼ਿਕਾਰ ਹੋ ਰਹੇ ਹਨ ਅਤੇ ਸਾਨੂੰ ਵੀ ਡਰ ਬਣਿਆ ਹੋਇਆ ਹੈ ਕਿ ਜਦੋਂ ਉਹ ਫਿਰ ਆਏ ਤਾਂ ਕਿਵੇਂ ਬਚਿਆ ਜਾਵੇ।

ਸ਼ਹਿਰ ਦੀ ਡੈਮੋਕ੍ਰੇਟਿਕ ਰੈਜੀਡੈਂਟ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਮਲਕੀਅਤ ਸਿੰਘ ਰਾਣਾ ਤੇ ਸੀਨੀਅਰ ਮੀਤ ਪ੍ਰਧਾਨ ਰਾਮ ਸਿੰਘ, ਪਾਲਮ ਇੰਨਕਲੇਵ ਦੇ ਪ੍ਰਧਾਨ ਮਹੀਪਾਲ ਸਿੰਘ ਵਾਲੀਆ ਤੇ ਜਨਰਲ ਸਕੱਤਰ ਜੰਗ ਸਿੰਘ ਅਤੇ ਦਸਮੇਸ਼ ਨਗਰ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜੋਗਿੰਦਰ ਸਿੰਘ ਵਲੋਂ ਪ੍ਰਸ਼ਾਸਨ ਤੋਂ ਮੰਗ ਕੀਤੀ ਗਈ ਹੈ ਕਿ ਉਹ ਕਿੰਨਰਾਂ ਵਲੋਂ ਲੋਕਾਂ ਨੂੰ ਤੰਗ ਪ੍ਰੇਸ਼ਾਨ ਕਰਨ ਵਿਰੁੱਧ ਬਣਦੀ ਕਾਨੂੰਨੀ ਕਰਕੇ ਲੋਕਾਂ ਨੂੰ ਰਾਹਤ ਦਿਵਾਉਣ ਅਤੇ ਕਿੰਨਰਾਂ ਨੂੰ ਵਧਾਈ ਦੇਣ ਦੇ ਰੇਟ ਸਮਾਜਿਕ ਅਤੇ ਰੈਜੀਡੈਂਟ ਕਮੇਟੀਆਂ ਨਾਲ ਬੈਠ ਕੇ ਤੈਅ ਕੀਤੇ ਜਾਣ ਤਾਂ ਕਿ ਲੋਕ ਲੁੱਟ ਦਾ ਸ਼ਿਕਾਰ ਨਾ ਹੋਣ।

ਸੰਤ ਸਰਿੰਦਰ ਸਿੰਘ ਦੀ ਬਰਸੀ ਮੌਕੇ ਵਿਸ਼ੇਸ਼ ਸਮਾਗਮ

ਗੁਰਾਇਆ (ਬਿੰਦਰ ਸੁਮਨ)-ਐੱਸ ਟੀ ਐੱਸ ਵਰਲਡ ਸਕੂਲ, ਰਾਜਗੋਮਾਲ ਵਿਖੇ ਜਮਾਤ ਪੰਜਵੀਂ ਏ ਦੇ ਵਿਦਿਆਰਥੀਆਂ ਵੱਲੋਂ ਸੰਤ ਸੁਰਿੰਦਰ ਸਿੰਘ ਦੀ ਅੱਠਵੀਂ ਬਰਸੀ ਕਲਾਸ ਇੰਚਾਰਜ ਜਸਵਿੰਦਰ ਕੌਰ ਦੀ ਦੇਖ-ਰੇਖ ਹੇਠ ਕਰਵਾਈ ਗਈ। ਵਿਦਿਆਰਥੀਆਂ ਦੁਆਰਾ ਗਾਏ ਗਏ ਸ਼ਬਦ ਦੁਆਰਾ ਇੱਕ ਪਵਿੱਤਰ ਮਾਹੌਲ ਸਿਰਜਿਆ ਗਿਆ, ਜਿਸ ਤੋਂ ਬਾਅਦ ਨਵਦੀਪ ਦੁਆਰਾ ਸ਼ਾਨਦਾਰ ਅਧਿਆਤਮਕ ਵਿਚਾਰ ਪੇਸ਼ ਕੀਤਾ ਗਿਆ। ਮਨਸੀਰਤ ਕੌਰ, ਪ੍ਰਭਜੋਤ ਕੌਰ ਸਮਰਾ ਅਤੇ ਗੁਰਰੂਪ ਸਿੰਘ ਨੇ ਵਿਦਿਆਰਥੀਆਂ ਨੂੰ ਸੰਤ ਸੁਰਿੰਦਰ ਸਿੰਘ ਦੇ ਜੀਵਨ, ਪ੍ਰਾਪਤੀਆਂ ਅਤੇ ਵਿਰਾਸਤ ਬਾਰੇ ਚਾਨਣਾ ਪਾਇਆ। ਜਸਕੀਰਤ ਸਿੰਘ ਨੇ ਨਵੇਂ ਸ਼ਬਦ "ਇਲੂਮਿਨੇਟ" ਅਤੇ ਸਾਦੀਆ ਨੇ ਨਵੇਂ ਸ਼ਬਦ ਦਾ ਵਾਕ ਬਣਾ ਕੇ ਸਾਡੀ ਸ਼ਬਦਾਵਲੀ ਵਿੱਚ ਵਾਧਾ ਕੀਤਾ। ਨੂਰੀਨ ਸਵਾ ਦੁਆਰਾ ਖਬਰਾਂ ਦੀਆਂ ਸੁਰਖੀਆਂ ਪੜ੍ਹੀਆਂ ਗਈਆਂ। ਪ੍ਰਭਜੋਤ ਕੌਰ ਵੱਲੋਂ ਜੀ ਕੇ ਦੇ ਪ੍ਰਸ਼ਨ ਪੁੱਛੇ ਗਏ। ਇਸ ਮੌਕੇ ਪਰਮਪ੍ਰੀਤ ਕੌਰ ਅਤੇ ਹਰਗੁਣ ਅੱਟੀ ਨੇ ਮੰਚ ਦਾ ਸੰਚਾਲਨ ਕੀਤਾ । ਪੰਜਵੀਂ ਏ ਜਮਾਤ ਦੇ ਵਿਦਿਆਰਥੀਆਂ ਵੱਲੋਂ ਸੰਤ ਸੁਰਿੰਦਰ ਸਿੰਘ ਨੂੰ ਸਮਰਪਤ ਸ਼ਬਦ ਵੀ ਪੇਸ਼ ਕੀਤਾ ਗਿਆ। ਕ੍ਰਿਤੀ ਸਿਰਪਾਲ ਨੇ ਸੰਤ ਜੀ ਨੂੰ ਸ਼ਰਧਾਂਜਲੀ ਵਜੋਂ ਕਵਿਤਾ ਸੁਣਾਈ। ਇਹ ਇੱਕ ਰੂਹਾਨੀ ਸਵੇਰ ਸੀ ਜਿੱਥੇ ਅਸੀਂ ਸਿੱਖਿਆ ਕਿ ਸਰਬਸ਼ਕਤੀਮਾਨ ਦੀ ਅਸੀਸ ਪ੍ਰਾਪਤ ਕਰਨ ਲਈ ਸਾਨੂੰ ਸਹੀ ਮਾਰਗ 'ਤੇ ਚੱਲਣਾ ਚਾਹੀਦਾ ਹੈ। ਅੰਤ ਵਿੱਚ ਸਕੂਲ ਦੀ ਪ੍ਰਿੰਸੀਪਲ ਪ੍ਰਭਜੋਤ ਗਿੱਲ ਨੇ ਸਕੂਲ ਦੇ ਸੰਸਥਾਪਕ ਨੂੰ ਸ਼ਰਧਾਂਜਲੀ ਭੇਟ ਕੀਤੀ ਅਤੇ ਕਿਹਾ ਕਿ ਉਹ ਇੱਕ ਮਹਾਨ ਆਤਮਾ ਸਨ, ਜਿਨ੍ਹਾਂ ਨੇ ਸਖਤ ਮਿਹਨਤ, ਲਗਨ ਅਤੇ ਦ੍ਰਿੜ੍ਹਤਾ ਨੂੰ ਅਨੁਕੂਲ ਬਣਾਇਆ। ਉਹ ਨਿਰਸਵਾਰਥ ਸੇਵਾ ਦੀ ਭਾਵਨਾ ਸੀ ਅਤੇ ਸਾਨੂੰ ਉਨ੍ਹਾਂ ਦੀਆਂ ਕਦਰਾਂ-ਕੀਮਤਾਂ ਦੀ ਨਕਲ ਕਰਨੀ ਚਾਹੀਦੀ ਹੈ। ਇਸ ਤੋਂ ਇਲਾਵਾ ਗ੍ਰੀਨ ਓਲੰਪੀਆਡ ਦੀ ਪ੍ਰੀਖਿਆ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦਿੱਤੇ ਗਏ । ਪ੍ਰੀਖਿਆ ਵਿੱਚ 80% ਤੱਕ ਅੰਕ ਪ੍ਰਾਪਤ ਕਰਕੇ ਮੈਰਿਟ ਦਾ ਸਰਟੀਫਿਕੇਟ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਸਮਰਵੀਰ ਸਿੰਘ ਚੌਥੀ, ਸਾਚੀ ਵਰਮਾ ਪੰਜਵੀਂ, ਸਿਮਰਨ ਕੌਰ ਬਾਸੀ ਪੰਜਵੀਂ, ਮਨਕੀਰਤ ਸਿੰਘ ਛੇਵੀਂ, ਗੁਰਵੀਰ ਕੌਰ ਕੂਨਰ ਸੱਤਵੀਂ, ਮਨਰੂਪ ਕੌਰ ਸੱਤਵੀਂ, ਰਾਜਦੀਪ ਕੌਰ ਸੱਤਵੀਂ ਹਨ ਅਤੇ ਜਿਨ੍ਹਾਂ ਵਿਦਿਆਰਥੀਆਂ ਨੇ 100% ਤੱਕ ਅੰਕ ਪ੍ਰਾਪਤ ਕਰਕੇ ਆਪਣੀ ਗੁਣਵੱਤਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ ਅਤੇ ਡਿਸਟਿੰਕਸ਼ਨ ਦਾ ਸਰਟੀਫਿਕੇਟ ਪ੍ਰਾਪਤ ਕੀਤਾ ਉਹ ਹਰਸਿਮਰਨ ਕੌਰ ਨੌਵੀਂ ਏ ਅਤੇ ਤਨਵੀਰ ਕੌਰ ਨੌਵੀਂ ਏ ਹਨ। ਪ੍ਰਿੰਸੀਪਲ ਪ੍ਰਭਜੋਤ ਗਿੱਲ ਨੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਅਤੇ ਭਵਿੱਖ ਵਿੱਚ ਵੀ ਅਜਿਹੇ ਮੁਕਾਬਲਿਆਂ ਵਿੱਚ ਭਾਗ ਲੈਣ ਲਈ ਪ੍ਰੇਰਿਤ ਕੀਤਾ।

ਆਲ ਅਸਾਮ ਰਵਿਦਾਸ ਸੰਮੇਲਨ ਦਾ 50ਵਾਂ ਗੋਲਡ ਜਬਲੀ ਸਮਾਗਮ ਸੰਪਨ

ਅਲਾਵਲਪੁਰ (ਮਦਨ ਬੰਗੜ) ਰੰਗਾਂਮਟੀ ਗੋਲਗਾਵ ਅਸਾਮ ਵਿੱਚ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦਾ 646ਵਾਂ ਆਗਮਨ ਪੁਰਬ, ਰਵਿਦਾਸੀਆ ਧਰਮ ਦਾ 14ਵਾਂ ਸਥਾਪਨਾ ਦਿਵਸ ਅਤੇ ਆਲ ਅਸਾਮ ਰਵਿਦਾਸ ਸੰਮੇਲਨ ਦੀ 50ਵੀਂ ਵਰ੍ਹੇਗੰਢ ਗੋਲਡਨ ਜੁਬਲੀ ਦੀਆਂ ਖਸ਼ਸੀਆਂ ਅੰਦਰ ਤਿੰਨ ਦਿਨਾ ਵਿਸ਼ਾਲ ਸੰਮੇਲਨ ਅਖਿਲ ਭਾਰਤੀ ਰਵਿਦਾਸੀਆ ਧਰਮ ਸੰਗਠਨ ਅਸਾਮ ਅਤੇ ਆਲ ਅਸਾਮ ਰਵਿਦਾਸ ਸੰਮੇਲਨ ਸੰਤ ਸੁਖਦੇਵ ਬਾਘਮਾਰੇ ਦੀ ਸਰਪ੍ਰਸਤੀ ਹੇਠ ਅਸਾਮ ਪੱਧਰ 'ਤੇ ਕਰਵਾਇਆ ਗਿਆ ਜਿਸ ਵਿਚ ਅਸਾਮ ਅਤੇ ਭਾਰਤ ਦੇ ਕੋਨੇ-ਕੋਨੇ ਵਿਚੋਂ ਲੱਖਾਂ ਰਵਿਦਾਸੀਏ ਸ਼ਰਧਾਲੂ ਪਹੁੰਚੇ। ਤਿੰਨ ਦਿਨਾ ਚੱਲੇ ਸੰਮੇਲਨ ਵਿਚ ਸੰਤ ਸੁਖਦੇਵ ਬਾਘਮਾਰੇ ,ਸੰਤ ਸੁਰਿੰਦਰ ਦਾਸ ਬਾਵਾ ਸੰਸਥਾਪਕ ਰਵਿਦਾਸੀਆ ਧਰਮ ਪ੍ਰਚਾਰ ਅਸਥਾਨ ਕਾਹਨਪੁਰ ਜਲੰਧਰ ,ਅਰਿਕ ਦਾਸ ਬਿਹਾਰ ,ਸੰਤ ਹਰਚਰਨ ਦਾਸ ਸਾਸਤਰੀ ,ਸੰਤ ਸੰਜੇ ਦਾਸ ਗੋਰਖਪੁਰ ਅਤੇ ਹੋਰ ਸੰਤ ਸਮਾਜ ਵੱਲੋਂ ਰਵਿਦਾਸੀਆ ਧਰਮ ਦੇ ਹੋ ਰਹੇ ਪਰਚਾਰ ਪਰਸਾਰ ਤੇ ਚਾਨਣਾ ਪਾਇਆ ਵੱਖ ਵੱਖ ਬੁਲਾਰਿਆਂ ਅਤੇ ਬੁੱਧੀਜੀਵੀਆਂ ਅਤੇ ਵਿਦਵਾਨਾਂ ਵੱਲੋਂ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ

ਸੰਘਰਸ਼, ਰਵਿਦਾਸੀਆ ਧਰਮ ਅਤੇ ਚਮਾਰ ਜਾਤੀ ਅਤੇ ਦਲਿਤ ਸਮਾਜ ਦੇ ਗੌਰਵ ਮਈ ਇਤਿਹਾਸ ਤੇ ਚਾਨਣਾ ਪਾਇਆ। ਵੱਖ ਵੱਖ ਸੰਸਕ੍ਰਿਤ ਸਮਾਗਮਾਂ ਅਤੇ ਭਜਨ-ਮੰਡਲੀਆਂ ਕੀਰਤਨੀ ਜਥਿਆਂ ਅਤੇ ਜੀਵਨ ਸੋਹਲ ਨੇ ਜਗਤ ਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ 'ਤੇ ਚਾਨਣਾ ਪਾਇਆ। ਸਮਾਗਮ 'ਚ ਅੰਮ੍ਰਿਤ ਬਾਨੀ ਗੁਰੂ ਰਵਿਦਾਸ ਮਹਾਰਾਜ ਜੀ ਦੀ ਅਗਵਾਈ ਹੇਠ ਸੰਤ ਸਮਾਜ ਅਤੇ ਲੱਖਾਂ ਸੰਗਤਾਂ ਵੱਲੋਂ ਮੀਲਾਂ ਲੰਬੀ ਵਿਸ਼ਾਲ ਸੋਭਾ ਯਾਤਰਾ ਕੱਢੀ ਗਈ ਸੰਗਤਾਂ ਦੇ ਠਹਿਰਣ ਅਤੇ ਲੰਗਰਾਂ ਵਾਸਤੇ ਵੱਡੇ ਪੱਧਰ 'ਤੇ ਪ੍ਰਬੰਧ ਕੀਤਾ ਗਿਆ। ਇਸ ਮੌਕੇ ਅਸਾਮੀ ਭਾਸ਼ਾ ਵਿੱਚ ਰਵਿਦਾਸੀਆ ਧਰਮ ਨਾਲ ਸਬੰਧਿਤ ਲਿਟਰੇਚਰ ਵੰਡਿਆ ਗਿਆ। ਸੰਤ ਸੁਰਿੰਦਰ ਦਾਸ ਬਾਵਾ ਵੱਲੋਂ ਅੰਮ੍ਰਿਤ ਬਾਣੀ ਸਟਿੱਕਾਂ ਸੁਖ ਸਾਗਰ ਗੁਟਕੇ ਪ੍ਰਬੰਧਕਾਂ ਨੂੰ ਪਰਚਾਰ ਪਰਸਾਰ ਲਈ ਦਿੱਤੇ ਗਏ। ਸਮਾਗਮ ਵਿਚ ਪ੍ਰਧਾਨ ਯੋਗੇਸ਼ ਰਵਿਦਾਸ ,ਜਨਰਲ ਸੈਕਟਰੀ ਰਾਜੇਸ਼ ਰਵਿਦਾਸ ਅਤੇ ਜੁਆਇੰਟ ਸੈਕਟਰੀ ਸ਼ੁਭਮ ਅਤੇ ਪ੍ਰਬੰਧਕਾਂ ਵੱਲੋਂ ਸੇਵਾਵਾਂ ਨਿਭਾਈਆਂ ਗਈਆਂ।

ਚੱਕ ਮੰਡੇਰ 'ਚ ਮੇਲਾ ਕਰਵਾਇਆ

**ਮੋਹ



ਕੁਝ ਦਿਨਾਂ ਬਾਅਦ ਅੰਤਰ-ਰਾਸ਼ਟਰੀ ਮਹਿਲਾ ਦਿਵਸ ਹੈ। ਉਸ ਦਿਨ ਅਸੀਂ ਵਿੱਤੋਂ ਬਾਹਰਾ ਜ਼ੋਰ ਲਾ ਕੇ ਔਰਤ ਦੀ ਆਜ਼ਾਦੀ ਲਈ ਨਾਅਰੇ ਮਾਰ ਰਹੇ ਹੋਵਾਂਗੇ, ਪਰ ਅਸਲ ਵਿੱਚ ਔਰਤ ਲਈ ਆਜ਼ਾਦੀ ਦੇ ਮਾਅਨੇ ਕੀ ਹਨ ਅਤੇ ਉਹਨਾਂ ਦੀ ਜ਼ਮੀਨੀ ਹਕੀਕਤ ਕੀ ਹੈ? ਬਾਰੇ ਵਿਚਾਰ-ਚਰਚਾ ਤਾਂ ਨਿੱਰ ਕੇ ਹੋਣੀ ਚਾਹੀਦੀ ਹੈ, ਇਹ ਸਿਰਫ ਇੱਕ ਦਿਨ ਤੱਕ ਸੀਮਤ ਨਾ ਕਰੀਏ। ਕੁਲਵਿੰਦਰ ਚਾਵਲਾ ਦੀਆਂ ਇਨ੍ਹਾਂ ਨਜ਼ਮਾਂ ਵਿੱਚ ਵਿਚਰਦੀ ਨਾਰੀ ਉਹਨਾ ਜ਼ਮੀਨੀ ਹਕੀਕਤਾਂ ਨੂੰ ਆਪਣੇ ਪਿੰਡੇ 'ਤੇ ਹੰਢਾ ਰਹੀ ਹੈ, ਉਸ ਸਥਿਤੀ ਵਿੱਚ ਉਹ ਪਿੱਤਰ ਸੱਤਾ ਬਾਰੇ ਕੀ ਸੋਚਦੀ ਹੈ, ਮਰਦ ਦੇ ਸਾਥ ਵਿੱਚ ਰਹਿੰਦਿਆਂ ਵੀ ਔਰਤ ਉਸ ਦੀ ਮਰਦਾਵੀਂ ਹਉਂ ਦਾ ਸ਼ਿਕਾਰ ਹੋ ਰਹੀ ਹੈ, ਪਰ ਨਾਲ ਹੀ ਨਾਲ ਔਰਤ ਦੀ ਆਜ਼ਾਦ ਅਤੇ ਲਾਜ਼ਮੀ ਹੋਂਦ ਦਾ ਪਰਚਮ ਵੀ ਲਹਿਰਾ ਰਹੀ ਹੈ। -ਸੰਪਾਦਕ

ਕੁਲਵਿੰਦਰ ਚਾਵਲਾ ਦੀਆਂ ਕਵਿਤਾਵਾਂ

ਅਨੰਤ ਸਫਰ

ਔਰਤ ਦੇ
ਘਰੋਂ ਬਾਹਰ ਨਿਕਲਣ 'ਤੇ,
ਖੁੱਲ੍ਹ ਕੇ ਵਿਚਰਨ 'ਤੇ
ਕਿੰਤੂ ਕਰਨ ਵਾਲੇ
ਕਿੱਥੇ ਜਾਣਦੇ ਹੋਣਗੇ
ਔਰਤ ਦੇ ਪੈਰਾਂ ਵਿੱਚ ਤਾਂ
ਜਨਮ ਤੋਂ ਹੈ ਚੱਕਰ

ਬਿਨਾਂ ਬਾਹਰ ਕਦਮ ਧਰਿਆਂ
ਚਾਰਦੀਵਾਰੀ ਅੰਦਰ ਵਿਚਰਦਿਆਂ ਵੀ
ਰਹਿੰਦੀ ਹੈ ਹਰ ਔਰਤ
ਸਦਾ ਹੀ ਸਫਰ 'ਤੇ

ਕਮਰੇ ਤੋਂ ਰਸੋਈ
ਰਸੋਈ ਤੋਂ ਵਿਹੜਾ
ਵਿਹੜੇ ਤੋਂ ਘਰ ਦੀ ਛੱਤ 'ਤੇ ਚੜ੍ਹਦੀ
ਕਰ ਲੈਂਦੀ ਹੈ ਹਜ਼ਾਰਾਂ ਮੀਲ ਦਾ ਸਫਰ, ਔਰਤ
ਨਿੱਕੇ ਵੱਡੇ ਕੰਮ ਕਰਦੀ ਕਰਦੀ

ਨਹੀਂ ਮੰਜ਼ੂਰ ਪਿੱਤਰ ਸੱਤਾ

ਬਰਾਬਰੀ ਦਾ ਦੇ ਹੋਕਾ
ਉਹ ਮੇਰੇ ਅੱਗੇ ਤੁਰਦਾ
ਮੈਨੂੰ ਆਪਣੇ ਕਦਮਾਂ ਉੱਤੇ
ਚੱਲਣ ਦੀ ਤਾਕੀਦ ਕਰਦਾ
ਮੇਰੀ ਹੌਲੀ ਰਫਤਾਰ 'ਤੇ
ਤੰਨਜ਼ ਕੱਸਦਾ
ਮੇਰੀਆਂ ਖਾਮੀਆਂ ਗਿਣਦਾ
ਆਪਣੀਆਂ ਵੱਡੀਆਂ ਪੁਲਾਂਘਾਂ 'ਤੇ
ਗੁਮਾਨ ਕਰਦਾ
ਬਿਨਾਂ ਪਿਛਾਂਹ ਵੇਖੇ
ਅਗਾਂਹ ਪੈਰ ਧਰਦਾ
ਮੈਂ ਥਾਂਏ ਖਲੋਤੀ
ਉਸ ਦਾ ਆਖਿਆ ਸੁਣਦੀ
ਮਨ ਹੀ ਮਨ ਦੁਹਰਾਉਂਦੀ
ਅੰਦਰੋਂ ਅੰਦਰੀ ਟੁੱਟਦੀ
ਇੱਕ ਵੀ ਪੁਲਾਂਘ ਅੱਗੇ ਨਾ ਪੁੱਟਦੀ

ਸੋਚਦੀ; ਸੋਚਦੀ ; ਸਿਰਫ ਸੋਚਦੀ
ਸ਼ੈਅ ਨੂੰ ਸਾਬਤ ਕਰਕੇ
ਪਿੱਤਰ ਸੱਤਾ ਤੋਂ
ਪਿੱਛਾ ਛੁਡਾਉਣਾ ਲੋਚਦੀ

ਖੁਦ 'ਤੇ ਵਿਸ਼ਵਾਸ ਕਰਦੀ
ਇੱਕ ਨਵੀਂ ਰਾਹ 'ਤੇ ਪੈਰ ਧਰਦੀ
ਲੰਮੀਆਂ ਪੁਲਾਂਘਾਂ ਭਰਦੀ
ਬਿਨਾਂ ਉਸ ਵੱਲ ਵੇਖਿਆਂ
ਉਸ ਦੇ ਕੋਲੋਂ ਗੁਜ਼ਰਦੀ
ਰਫਤਾਰ ਤੇਜ਼ ਕਰਦੀ
ਅੱਗੇ; ਅੱਗੇ; ਹੋਰ ਅੱਗੇ ਵਧਦੀ
ਉਸ ਦੀਆਂ ਛੱਡੀਆਂ ਪੈੜਾਂ ਦੇ
ਬਿਲਕੁਲ ਸਮਾਨਾਂਤਰ
ਆਪਣੀਆਂ ਪੈੜਾਂ ਦੀ
ਡੂੰਘੀ ਛਾਪ ਛੱਡਦੀ ਛੱਡਦੀ
ਉਸ ਤੋਂ ਕਿਤੇ ਅੱਗੇ ਵਧਦੀ

ਸ਼ੈਅ ਉੱਤੇ ਮਾਣ ਕਰਕੇ
ਖੁਦ ਨੂੰ ਸਤਿਕਾਰਦੀ
ਆਪਣੀ ਪਿੱਠ ਉੱਤੇ
ਥਾਪੜਾ ਮਾਰਦੀ
ਪਿੱਤਰ ਸੱਤਾ ਨੂੰ
ਸਿਰਿਉਂ ਤੋਂ ਨਕਾਰਦੀ

ਸੁੰਦਰ ਔਰਤਾਂ

ਸਭ ਔਰਤਾਂ ਹੁੰਦੀਆਂ ਨੇ ਸੁੰਦਰ
ਕਿਉਂਕਿ ਔਰਤ ਹੋਣ ਦਾ ਮਤਲਬ
ਹੀ ਹੁੰਦਾ ਹੈ ਸੁੰਦਰ ਹੋਣਾ

ਘਰ ਦਾ ਕੋਨਾ ਕੋਨਾ ਬੁਹਾਰਦੀਆਂ
ਥੱਕ ਕੇ ਚੂਰ ਹੋਣ 'ਤੇ ਵੀ
ਮੰਦ ਮੰਦ ਮੁਸਕਾਨ ਦਾ ਪਹਿਨ ਮਖੌਟਾ
ਨੀਂਦ ਨੂੰ ਮਾਰਦੀਆਂ
ਚੁੱਲ੍ਹੇ ਚੌਂਕੇ ਨੂੰ ਸਵਾਰਦੀਆਂ
ਔਰਤਾਂ ਸੁੰਦਰ ਹੀ ਹੁੰਦੀਆਂ ਨੇ

ਕਣਕ ਦੇ ਖੇਤ ਵਿੱਚ
ਵਾਢੀ ਕਰਦੀਆਂ
ਖੇਤ ਵਿੱਚੋਂ ਬਚੇ ਖੁਚੇ ਸਿੱਟੇ ਚੁੱਕ ਕੇ
ਬੋਰੀ 'ਚ ਭਰਦੀਆਂ
ਪਰਵਾਰ ਲਈ ਹਫਤੇ ਭਰ ਦੇ
ਅੰਨ ਦਾ ਜੁਗਾੜ ਕਰਦੀਆਂ ਔਰਤਾਂ
ਸੁੰਦਰ ਹੀ ਹੁੰਦੀਆਂ ਨੇ

ਢਿੱਡ ਖਾਲੀ ਹੋਣ 'ਤੇ ਵੀ
ਗਲੇ ਤੱਕ ਭਰੇ ਹੋਣ ਦਾ
ਨਾਟਕ ਕਰਦੀਆਂ
ਹੁਣੇ ਹੀ ਖਾਧਾ ਕਹਿ ਕੇ
ਪਤੀ ਦੀ ਮੰਦਹਾਲੀ ਦੇ ਪਤੀਲੇ ਉੱਤੇ
ਉਹਲੇ ਦਾ ਢੱਕਣ ਧਰਦੀਆਂ
ਤਕਲੀਫ ਹੋਣ 'ਤੇ ਵੀ
ਦਰਦ ਖਿੜੇ ਮੱਥੇ ਜਰਦੀਆਂ
ਔਰਤਾਂ ਸੁੰਦਰ ਹੀ ਹੁੰਦੀਆਂ ਨੇ

ਸੁੰਦਰਤਾ ਦਾ ਕੀ ਏ ?
ਇਹ ਤਾਂ ਦਿਸ ਹੀ ਜਾਂਦੀ ਏ
ਚੌਰਾਹੇ ਵਿੱਚ ਹੱਥ ਫੈਲਾਅ ਕੇ ਖੜੀ
ਭਿਖਾਰਨ ਨੂਰਾਂ ਵਿੱਚ
ਸੜਦੀ ਦੁਪਹਿਰ ਨੂੰ
ਗਲੀ ਗਲੀ ਤਮਾਸ਼ਾ ਕਰਦੀ ਬੰਜਾਰਨ ਬਾਵਰੀ ਵਿੱਚ,
ਵਰ੍ਹਦੇ ਮੀਂਹ ਵਿੱਚ
ਭੁੱਖ ਨਾਲ ਵਿਲਕਦੇ ਬਾਲ ਨੂੰ
ਪਿੱਠ 'ਤੇ ਚੁੱਕ ਕੇ
ਇੱਟਾਂ ਢੋਂਦੀ ਗੋਰਾਂ ਵਿੱਚ
ਜਾਂ ਫਿਰ ਪਾਰਲਰ ਤੋਂ ਚਿਹਰੇ ਉੱਤੇ
ਸੁੰਦਰਤਾ ਦਾ ਲੇਪ ਲਗਵਾ ਕੇ ਨਿਕਲੀ ਔਰਤ ਵਿੱਚ
ਸੁੰਦਰਤਾ ਦਿਸ ਹੀ ਜਾਂਦੀ ਹੈ

ਪਰ ਬੜਾ ਫਰਕ ਹੁੰਦੈ
ਸੁੰਦਰ ਦਿਸਣ ਤੇ ਸੁੰਦਰ ਹੋਣ ਵਿੱਚ

ਜੇ ਸਿਰਫ ਸੁੰਦਰ ਦਿਸਣਾ ਹੀ
ਹੁੰਦਾ ਸੁੰਦਰ ਹੋਣਾ
ਤਾਂ ਹਰ ਚਮਕਦੀ ਚੀਜ਼ ਹੁੰਦੀ ਸੋਨਾ

ਉਸ ਨੂੰ ਹੌਲੇ ਵਿੱਚ ਨਾ ਲੈਣਾ

ਉਹ ਔਰਤ ਜਿਸ ਕੋਲ
ਦਿਮਾਗ ਹੈ ਸੋਚਣ ਲਈ
ਹੱਥ ਹੈ ਰੋਕਣ ਲਈ
ਜੀਭ ਹੈ ਜਵਾਬ ਲਈ
ਤਰਕ ਹੈ ਟੋਕਣ ਲਈ

ਉਹ ਔਰਤ
ਜੋ ਵੇਖਦੀ ਹੈ ਵਿਚਾਰਦੀ ਹੈ
ਸੋਚਦੀ ਹੈ ਸਵਾਰਦੀ ਹੈ
ਗੱਲ ਨੂੰ ਸੁਣਦੀ ਹੈ
ਮਾਹੌਲ ਮੁਤਾਬਕ ਵਿਚਰਦੀ ਹੈ

ਉਹ ਔਰਤ
ਜੋ ਬੇਖੌਫ ਹੈ ਡਰਦੀ ਨਹੀਂ
ਕੋਈ ਵਧੀਕੀ ਜਰਦੀ ਨਹੀਂ
ਧੀਰ ਹੈ ਗੰਭੀਰ ਹੈ
ਜੂਝਦੀ ਹੈ ਅਸੀਰ ਹੈ

ਉਹ ਔਰਤ
ਜੋ ਮੰਨਦੀ ਹੈ ਦੱਬਦੀ ਨਹੀਂ
ਰੱਖਦੀ ਭੇਤ ਕੱਢਦੀ ਨਹੀਂ
ਸ਼ੁਕੀਨ ਹੈ ਜ਼ਹੀਨ ਹੈ
ਪ੍ਰਚੰਡ ਹੈ ਪ੍ਰਬੀਨ ਹੈ

ਉਸ ਔਰਤ ਨੂੰ
ਜੋ ਚਾਹੋ ਸੋ ਕਹਿਣਾ
ਪਰ ਭੁੱਲ ਕੇ ਵੀ ਉਸ ਔਰਤ ਨੂੰ
ਕਦੀ ਹੌਲੇ ਵਿੱਚ ਨਾ ਲੈਣਾ

ਉਹ ਜੜ੍ਹ ਹੈ ਉਹ ਫੁੱਟੇਗੀ

ਸਮਝ ਕੇ
ਕਮਜ਼ੋਰ ਪੌਦਾ
ਕਿੰਨੀਆਂ ਵੀ
ਕੱਟੋ ਟਾਹਣੀਆਂ
ਰੋਕੋ ਧੁੱਪ
ਛੱਡ ਦਿਓ
ਪਾਉਣੀ ਖਾਦ
ਨਾ ਬਣਨ ਦਿਉ ਰੁੱਖ

ਉਹ ਔਰਤ ਹੈ
ਉਹ ਜੜ੍ਹ ਹੈ
ਮਿੱਟੀ 'ਚ ਉਸ ਦੀ
ਮਜ਼ਬੂਤ ਪਕੜ ਹੈ
ਤਰੇਲ ਦੇ ਤੁਪਕੇ ਹੀ
ਕਾਫੀ ਨੇ
ਉਸ ਦੇ ਉੱਠਣ ਲਈ
ਮੁੜ ਫੁੱਟਣ ਲਈ
ਕੁਝ ਕਰਨ ਲਈ
ਦਰੱਖਤ ਬਣਨ ਲਈ

ਉਹ ਕਦੇ ਵਿਹਲੀ ਨਹੀਂ ਹੁੰਦੀ

ਔਰਤ ਦੀ ਕਿਤਾਬ ਵਿੱਚ
ਵਿਹਲ ਨਾਂਅ ਦਾ ਸ਼ਬਦ
ਹੋਂਦ ਨਹੀਂ ਰੱਖਦਾ
ਦਿਨ ਦੀ ਆਮਦ ਨਾਲ ਹੀ
ਹ�ो ਜਾਂਦੀ ਹੈ ਸ਼ੁਰੂ
ਦੌੜ ਉਸ ਦੀ
ਉਹ ਕਦੀ
ਵਿਹਲੀ ਨਹੀਂ ਹੁੰਦੀ

ਚੁੱਲ੍ਹਾ, ਚੌਂਕਾ
ਬਰਤਨ, ਸਫਾਈ
ਸੁੰਭਰਨਾ, ਸਵਾਰਨਾ
ਘਰ ਨੂੰ ਨਿਖਾਰਨਾ

ਪਤੀ, ਬੱਚੇ
ਰਿਸ਼ਤੇ, ਨਾਤੇ
ਲੈਣਾ, ਦੇਣਾ
ਰੁੱਸਣਾ, ਮਨਾਣਾ

ਖਰੀਦੋ, ਫਰੋਖਤ
ਰਾਸ਼ਨ, ਪਾਣੀ
ਕੱਪੜੇ ਲੱਤੇ
ਲਾਣਾ, ਪਾਣਾ

ਦਫਤਰ, ਫਾਈਲਾਂ
ਹਿਸਾਬ, ਕਿਤਾਬ
ਸਫਰ, ਥਕੇਵਾਂ
ਆਉਣਾ, ਜਾਣਾ

ਮੰਜ਼ਾ, ਬਿਸਤਰਾ
ਸੋਚਾਂ, ਉਨੀਂਦਰਾ
ਫਿਕਰਾਂ, ਫਾਕੇ
ਤਾਣਾ, ਬਾਣਾ

ਔਰਤ ਕਦੇ ਵੀ
ਵਿਹਲੀ ਨਹੀਂ ਹੁੰਦੀ

ਸੰਪਰਕ : 92563-85888

ਜਾਨ ਦਾ ਖੌਅ ਬਣਦੀ ਚੀਨੀ ਡੋਰ

ਡਾ. ਪ੍ਰਿਤਪਾਲ ਸਿੰਘ ਮਹਿਰੋਕ

ਇਸ ਗੱਲ ਨੂੰ ਚਾਰ ਸਾਲ ਹੋਣ ਵਾਲੇ ਹਨ। ਫਰਵਰੀ 2019 ਦੇ ਪਹਿਲੇ ਹਫ਼ਤੇ ਦੌਰਾਨ ਪੰਜਾਬ ਦੇ ਕਈ ਇਲਾਕਿਆਂ ਵਿੱਚ ਲਗਾਤਾਰ ਘੰਟਿਆਂਬੱਧੀ ਗਰਜ-ਚਮਕ ਨਾਲ ਪੈਂਦੇ ਰਹੇ ਭਾਰੀ ਮੀਂਹ ਨੇ ਠੰਢ ਵਿੱਚ ਵਾਧਾ ਕਰਕੇ ਲੋਕਾਂ ਦੀਆਂ ਪਰੇਸ਼ਾਨੀਆਂ ਨੂੰ ਬਹੁਤ ਹੱਦ ਤੱਕ ਵਧਾ ਦਿੱਤਾ ਸੀ। ਮੀਂਹ ਤੇ ਗੜੇਮਾਰੀ ਪਿੱਛੋਂ ਕਈ ਦਿਨਾਂ ਬਾਅਦ ਉਸ ਦਿਨ ਟਿਕਵੀਂ ਧੁੱਪ ਨਿਕਲੀ ਸੀ। ਮੌਕਾ ਅਜਿਹਾ ਕਿ ਉਸ ਦਿਨ ਬਸੰਤ ਸੀ। ਧੁੱਪ ਦੇ ਨਿੱਘ ਵਿੱਚ ਬੈਠਣ ਦੀ ਇੱਛਾ ਹਿੱਤ ਮੈਂ ਛੱਤ 'ਤੇ ਜਾ ਕੇ ਬੈਠ ਜਾਂਦਾ ਹਾਂ ਅਤੇ ਅਖ਼ਬਾਰਾਂ ਪੜ੍ਹਨ ਲੱਗ ਜਾਂਦਾ ਹਾਂ। ਕੁਝ ਕੁ ਮਿੰਟਾਂ ਪਿੱਛੋਂ ਹੀ ਮੇਰਾ ਧਿਆਨ ਮੇਰੇ ਐਨ ਨੇੜਿਓਂ ਧੀਮੀ ਜਿਹੀ ਸੁਰ ਵਿੱਚ ਆਉਂਦੀ ਸਰ-ਸਰ ਦੀ ਆਵਾਜ਼ ਵੱਲ ਚਲਾ ਜਾਂਦਾ ਹੈ। ਵੇਖਿਆ ਤਾਂ ਛੱਤ ਨਾਲ ਘਿਸਰ-ਘਿਸਰ ਕੇ ਤੇਜ਼ੀ ਨਾਲ ਖਿਸਕਦੀ ਜਾ ਰਹੀ ਪਤੰਗ ਉਡਾਉਣ ਵਾਲੀ ਡੋਰ ਨਜ਼ਰ ਆਉਂਦੀ ਹੈ। ਡੋਰ ਵਿੱਚ ਉਲਝਿਆ ਕਾਗਜ਼ ਦਾ ਛੋਟਾ ਜਿਹਾ ਟੁਕੜਾ ਆਵਾਜ਼ ਪੈਦਾ ਕਰ ਰਿਹਾ ਸੀ। ਵੇਖਦਿਆਂ-ਵੇਖਦਿਆਂ ਡੋਰ ਟੁੱਟ ਕੇ ਰੁਕ ਜਾਂਦੀ ਹੈ। ਬਸੰਤ ਦਾ ਦਿਨ ਹੋਣ ਕਰਕੇ ਚੁਫੇਰਿਓਂ ਛੱਤਾਂ 'ਤੇ ਚੜ੍ਹ ਕੇ ਪਤੰਗਾਂ ਉਡਾ ਰਹੇ ਬੱਚਿਆਂ ਤੇ ਵੱਡਿਆਂ ਦਾ ਸ਼ੋਰ ਸੁਣਾਈ ਦੇ ਰਿਹਾ ਸੀ। ਮੈਂ ਛੱਤ 'ਤੇ ਵਿਛੀ ਤੇ ਸਿਰਕਦੀ ਜਾਂਦੀ ਡੋਰ ਨੂੰ ਹੱਥਾਂ ਵਿਚ ਫੜ ਕੇ ਵੇਖਣ ਲਈ ਉਤਸੁਕ ਹੋ ਰਿਹਾ ਸਾਂ। ਆਪਣੇ ਬਚਪਨ ਵਿੱਚ ਮੈਂ ਬੱਚਿਆਂ ਨੂੰ ਸੂਤ ਦੇ ਧਾਗੇ ਦੀ ਅੱਟੀ ਜਾਂ ਸੂਤੜੀ ਨਾਲ ਜਾਂ ਫਿਰ ਹਲਕਾ ਜਿਹਾ ਮਾਂਝਾ ਲੱਗੀ ਡੋਰ ਨਾਲ ਪਤੰਗਾਂ ਉਡਾਉਂਦਿਆਂ ਵੇਖਦਾ ਰਿਹਾ ਹਾਂ। ਐਤਵਾਰ ਹੋਣ ਕਾਰਨ ਉਸ ਦਿਨ ਮੇਰਾ ਇੰਜੀਨੀਅਰ ਬੇਟਾ ਘਰ ਹੀ ਸੀ। ਉਸ ਨੇ ਮੈਨੂੰ ਦੱਸਿਆ ਕਿ ਇਹ ਤਾਂ ਚੀਨੀ ਡੋਰ ਹੈ। ਇਸ ਨੂੰ ਮੇਰੀ ਅਗਿਆਨਤਾ ਸਮਝੋ ਕਿ ਪਲਾਸਟਿਕ ਦੀ ਬਹੁਤ ਬਾਰੀਕ ਜਿਹੀ ਤਾਰ ਵਰਗੀ ਇਸ ਚੀਨੀ ਡੋਰ ਨੂੰ ਮੈਂ ਪਹਿਲੀ ਵਾਰ ਵੇਖ ਰਿਹਾ ਸਾਂ। ਚੀਨੀ ਡੋਰ, ਉਸ ਕਾਰਨ ਹੁੰਦੇ ਹਾਦਸਿਆਂ, ਉਸ ਨਾਲ ਹੁੰਦੇ ਜਾਨੀ-ਮਾਲੀ ਨੁਕਸਾਨ ਬਾਰੇ ਹੁਣ ਤੱਕ ਪੜ੍ਹਿਆ-ਸੁਣਿਆ ਤਾਂ ਬਹੁਤ ਕੁਝ ਸੀ, ਪਰ ਚੀਨੀ ਡੋਰ ਨੂੰ ਆਪਣੀਆਂ ਅੱਖਾਂ ਨਾਲ ਵੇਖਣ ਦਾ ਇਹ ਮੇਰਾ ਪਹਿਲਾ ਮੌਕਾ ਸੀ। ਚੀਨੀ ਡੋਰ ਨੂੰ ਵੇਖਣਾ ਹੀ ਮੈਨੂੰ ਬਿਲਕੁਲ ਚੰਗਾ ਨਹੀਂ ਸੀ ਲੱਗ ਰਿਹਾ। ਉਹ ਡੋਰ ਮੇਰੀਆਂ ਅੱਖਾਂ ਨੂੰ ਤਕਲੀਫ਼ ਦੇ ਰਹੀ ਸੀ, ਮੈਨੂੰ ਚੁਭਣ ਜਿਹੀ ਹੋ ਰਹੀ ਹੋਣ ਦਾ ਅਹਿਸਾਸ ਹੋਣ ਲੱਗ ਪਿਆ ਸੀ। ਮੈਂ ਸੋਚ ਰਿਹਾ ਸਾਂ ਕਿ ਇਸ ਡੋਰ ਦੀ ਲਪੇਟ ਵਿੱਚ ਆਉਣ ਵਾਲੇ ਅਤੇ ਇਸ ਦੀ ਕਰੋਪੀ ਤੋਂ ਪੀੜਤ ਲੋਕਾਂ ਦਾ ਕੀ ਹਾਲ ਹੁੰਦਾ ਹੋਵੇਗਾ? ਪਿਛਲੇ ਕਈ ਸਾਲਾਂ ਤੋਂ ਇਹ ਡੋਰ ਲੋਕਾਂ ਦੀ ਜਾਨ ਦਾ ਖੌਅ ਬਣਦੀ ਚਲੀ ਆ ਰਹੀ ਹੈ। ਪਤੰਗਾਂ ਉਡਦੀਆਂ ਹਨ। ਬਹੁਤ ਸੁਹਣੀਆਂ, ਬਹੁਤ ਚੰਗੀਆਂ ਲੱਗਦੀਆਂ ਹਨ। ਪਤੰਗਾਂ ਉਡਾਉਣ ਵਾਲੇ ਇੰਜ ਮਹਿਸੂਸ ਕਰਦੇ ਹਨ, ਜਿਵੇਂ ਪਤੰਗਾਂ ਉਨ੍ਹਾਂ ਨੂੰ ਵੀ ਆਪਣੇ ਨਾਲ ਹੀ ਹੁਲਾਰੇ ਦੇ ਰਹੀਆਂ ਹੋਵਣ! ਰੰਗ-ਬਰੰਗੀਆਂ, ਭਾਂਤ-ਸੁਭਾਂਤੀਆਂ ਪਤੰਗਾਂ ਉੱਡਦੀਆਂ ਹਨ ਤਾਂ ਬਹੁਤ ਮਨਮੋਹਕ ਦ੍ਰਿਸ਼ ਪੇਸ਼ ਕਰਦੀਆਂ ਹਨ, ਪਰ ਮਨ ਵਿੱਚ ਡਰ ਪੈਦਾ ਕਰਨ ਵਾਲਾ, ਉਦਾਸ ਕਰਨ ਵਾਲਾ ਤੇ ਖਤਰਾ ਪੈਦਾ ਕਰਨ ਵਾਲਾ ਇਹ ਪਹਿਲੂ ਵੀ ਪਤੰਗਾਂ ਦੇ ਨਾਲ ਮੰਡਰਾਅ ਰਿਹਾ ਹੁੰਦਾ ਹੈ ਕਿ ਉਨ੍ਹਾਂ ਨੂੰ ਹਵਾ ਵਿੱਚ ਉਡਾਉਂਦੀ ਫਿਰਦੀ ਡੋਰ ਨੇ ਪਤਾ ਨਹੀਂ ਕਦੋਂ ਤੇ ਕਿਸ ਨੂੰ ਆਪਣੀ ਲਪੇਟ ਵਿੱਚ ਲੈ ਲੈਣਾ ਹੁੰਦਾ ਹੈ।

ਕਈ ਬੱਚੇ, ਕਈ ਰਾਹਗੀਰ, ਕਈ ਦੋਪਹੀਆ ਵਾਹਨ-ਚਾਲਕ ਅਨਭੋਲਪੁਣੇ ਵਿੱਚ ਹੀ ਇਸ ਦੀ ਲਪੇਟ ਵਿੱਚ ਆ ਕੇ ਆਪਣੀਆਂ ਕੀਮਤੀ ਜਾਨਾਂ ਗੁਆ ਚੁੱਕੇ ਹਨ। ਕਈ ਆਪਣੇ ਸਰੀਰ ਦਾ ਕੋਈ ਅੰਗ ਗੁਆ ਬੈਠੇ ਹਨ। ਕਈ ਹੋਰ ਲਹੂ-ਲੁਹਾਨ ਹੋ ਚੁੱਕੇ ਹਨ। ਅਨੇਕ ਪਰਿੰਦੇ ਅਤੇ ਮਾਸੂਮ ਜਾਨਵਰ ਇਸ ਡੋਰ ਦੀ ਲਪੇਟ ਵਿੱਚ ਆ ਕੇ

ਮਾਰੇ ਜਾਂਦੇ ਹਨ। ਅਜਿਹਾ ਕਿਉਂ ਹੋ ਰਿਹਾ ਹੈ? ਇਸ ਪਿੱਛੇ ਕੀ ਕਾਰਨ ਹੋ ਸਕਦੇ ਹਨ? ਚੀਨੀ ਡੋਰ ਦਾ ਉਤਪਾਦਨ ਕਰਨ, ਉਸ ਨੂੰ ਵੇਚਣ ਤੇ ਖਰੀਦਣ ਪਿੱਛੇ ਕਿਹੜੀਆਂ ਤਾਕਤਾਂ ਕੰਮ ਕਰ ਰਹੀਆਂ ਹਨ? ਇਹ ਪ੍ਰਸ਼ਨ ਸੋਚਣ ਵਾਲੇ ਵੀ ਹਨ ਤੇ ਪਰੇਸ਼ਾਨ ਕਰਨ ਵਾਲੇ ਵੀ! ਕੁਦਰਤੀ ਤੌਰ 'ਤੇ ਇਸ ਕਾਰੋਬਾਰ ਪਿੱਛੇ ਕਾਰੋਬਾਰੀ ਲੋਕ ਹੀ ਹਨ। ਜਾਗਰੂਕ ਮਨੁੱਖ ਇਸ 'ਤੇ ਫਿਕਰਮੰਦੀ ਪ੍ਰਗਟ ਕਰਦਾ ਚਲਿਆ ਆ ਰਿਹਾ ਹੈ, ਪਰ ਵਪਾਰੀ ਬਿਰਤੀ ਵਾਲਾ ਮਨੁੱਖ (ਕਾਰੋਬਾਰੀ) ਹੈ ਕਿ ਉਸ ਦਾ ਮਨ ਨਹੀਂ ਪਸੀਜਦਾ। ਪੈਸਾ ਹੀ ਉਸ ਦਾ ਜਹਾਨ ਹੈ, ਪੈਸਾ ਹੀ ਉਸ ਦਾ ਈਮਾਨ ਹੈ। ਪੈਸਾ ਹੀ ਉਸ ਦਾ ਧਰਮ ਹੈ, ਪੈਸਾ ਹੀ ਉਸ ਦੀ ਬੰਦਗੀ ਹੈ, ਪੈਸਾ ਹੀ ਉਸ ਦਾ ਭਗਵਾਨ ਹੈ!

ਚੀਨੀ ਡੋਰ ਨੂੰ ਹੱਥਾਂ ਨਾਲ ਛੂਹਣ ਤੇ ਨੇੜਿਓਂ ਵੇਖਣ ਉਪਰੰਤ ਉਸ ਦਾ ਹੋਰ ਵਧੇਰੇ ਵਿਕਰਾਲ ਰੂਪ ਮੇਰੇ ਜ਼ਿਹਨ 'ਚ ਉੱਘੜ ਆਉਂਦਾ ਹੈ। ਉਹ ਡੋਰ ਜਦੋਂ ਇਕ ਕੋਹਝੇ, ਘਟੀਆ ਤੇ ਮਾਰੂ ਹਥਿਆਰ ਵਜੋਂ ਆਪਣਾ ਘਿਨਾਉਣਾ ਪ੍ਰਭਾਵ ਬਣਾ ਚੁੱਕੀ ਹੈ ਤਾਂ ਵਪਾਰੀ ਪਤੰਗ ਉਡਾਉਣ ਵਾਲੇ ਇਕ ਉਤਪਾਦ ਵਜੋਂ ਉਸ ਦੀ ਵਿਕਰੀ ਕਿਉਂ ਕਰ ਰਹੇ ਹਨ? ਉਸ ਦੀ ਉਪਯੋਗਤਾ ਤੇ ਭਰੋਸੇਯੋਗਤਾ ਜਦੋਂ ਮਨੁੱਖੀ ਮਨ 'ਚੋਂ ਮਨਫ਼ੀ ਹੋ ਚੁੱਕੀ ਹੈ ਤੇ ਉਸ ਦੀ ਵਰਤੋਂ ਨਾਲ ਜਾਨ ਦਾ ਖੌਅ ਬਣਿਆ ਰਹਿੰਦਾ ਹੈ ਤਾਂ ਉਸ ਨੂੰ ਵੇਚਣ, ਖ਼ਰੀਦਣ ਤੇ ਉਸ ਦੀ ਵਰਤੋਂ ਕਰਨ 'ਤੇ ਮੁਕੰਮਲ ਪਾਬੰਦੀ ਕਿਉਂ ਨਹੀਂ ਲਗਾਈ ਜਾਂਦੀ? ਇਸ ਚੰਦਰੀ ਡੋਰ ਨਾਲ ਹੁੰਦੇ ਹਾਦਸਿਆਂ ਬਾਰੇ ਪੜ੍ਹ-ਸੁਣ ਕੇ ਮੇਰਾ ਮਨ ਹਿਰਖ ਤੇ ਸੋਗ ਨਾਲ ਵਲੂੰਧਰਿਆ ਜਾਂਦਾ ਹੈ। ਇਸ ਡੋਰ ਨੂੰ ਵੇਖ/ਛੂਹ ਕੇ ਹੀ ਦਹਿਲ ਜਾਣ ਤੇ ਡਰ ਜਾਣ ਦੀ ਭਾਵੁਕਤਾ ਅਤੇ ਸੰਵੇਦਨਾ ਤੋਂ ਮੈਂ ਅਜੇ ਤੱਕ ਖਹਿੜਾ ਨਹੀਂ ਛੁਡਾ ਸਕਿਆ।

ਮੇਰੇ ਜ਼ਿਹਨ ਵਿੱਚ ਪਤੰਗ ਉਡਾਉਣ ਵਾਲੀ ਸਾਧਾਰਨ ਡੋਰ, ਸਾਹਾਂ ਦੀ ਡੋਰ (ਤੰਦ), ਕਠਪੁਤਲੀ ਦੀ ਡੋਰ, ਅਧਿਆਤਮ ਦੇ ਖੇਤਰ 'ਚ ਚਰਚਾ 'ਚ ਆਉਂਦੀ ਡੋਰ (ਤੇ ਪਤੰਗ), ਸਮਾਜਿਕ ਜੀਵਨ ਨੂੰ ਪਿਆਰ ਦੇ ਸੂਤਰ ਵਿੱਚ ਬੰਨ੍ਹਣ ਵਾਲੀ ਡੋਰ ਅਤੇ ਕਈ ਹੋਰ ਅਰਥਾਂ ਤੱਕ ਪਹੁੰਚ ਕਰਨ ਵਾਲੇ ਸ਼ਬਦ 'ਡੋਰ' ਦਾ ਸੁਭਾਅ ਉੱਘੜਦਾ ਆਉਂਦਾ ਹੈ। ਮੈਨੂੰ ਇੰਜ ਪ੍ਰਤੀਤ ਹੋਣ ਲੱਗ ਜਾਂਦਾ ਹੈ, ਜਿਵੇਂ ਮੇਰੀ ਚੇਤਨਾ ਦੀਆਂ ਤੰਦਾਂ ਚੀਨੀ ਡੋਰ ਦੀਆਂ ਗੁੰਝਲਾਂ ਵਿੱਚ ਉਲਝ ਕੇ ਰਹਿ

5-March-Sunday.qxd 3/4/2023 10:05 PM Page 2

ਨੂਰ ਵਰ੍ਹਾਉਂਦੇ ਸ਼ਬਦ-2

ਸ਼ਬਦ ਸਾਂਝ

ਅਤਰਜੀਤ

"ਮੈਨੂੰ ਇਹ ਗੱਲ ਜਚਦੀ ਨਹੀਂ। ਮੈਂ ਆਪਣੀ ਜ਼ਿੰਦਗੀ ਵਿੱਚ ਅਜਿਹਾ ਕੋਈ ਤਰੀਕਾ ਨਹੀਂ ਵੇਖਿਆ, ਜੋ ਬਗੈਰ ਕਿਤਾਬ ਦੇ ਪੜ੍ਹਾਇਆ ਜਾ ਸਕਦਾ ਹੋਵੇ।" ਮੈਡਮ ਜੀ ਦਾ ਪਾਰਾ ਹੇਠਾਂ ਨਹੀਂ ਸੀ ਡਿੱਗ ਰਿਹਾ।

"ਸਤਿਕਾਰਯੋਗ ਮੈਡਮ ਜੀ, ਮੈਂ ਗੱਲ ਸਾਫ਼ ਕਰ ਦਿਆਂ ਕਿ ਮੈਂ ਪੜ੍ਹਾ ਰਿਹਾ ਹਾਂ। ਮੈਂ 'ਤੂੰ ਪੜ੍ਹ' ਪ੍ਰਣਾਲ਼ੀ ਨਾਲ਼ ਨਹੀਂ ਪੜ੍ਹਾਉਂਦਾ। ਮੈਂ ਨਵੇਂ ਤਜਰਬੇ ਕਰ ਰਿਹਾ ਹਾਂ। ਮੇਰੇ ਇਹ ਬੱਚੇ ਘਰੋਂ ਪਾਠ ਪੜ੍ਹ ਕੇ ਆਏ ਨੇ। ਮੈਂ ਖੁਦ ਵੀ ਘਰੋਂ ਤਿਆਰੀ ਕਰਕੇ ਆਇਆ ਹਾਂ। ਮੈਨੂੰ ਸਮਝਣ ਦਾ ਯਤਨ ਕਰੋ ਜੀ।" ਭੁੱਚੋ ਕਲਾਂ ਦੇ ਸਕੂਲ ਵਿੱਚ ਇਹ ਮੇਰਾ ਪਹਿਲਾ ਹੀ ਤਜਰਬਾ ਸੀ।

"ਇਹ ਇਹੋ ਜਿਹਾ ਕੀ ਤਰੀਕਾ ਹੈ? ਮੈਂ ਤਾਂ ਅੱਜ ਤੱਕ ਦੇਖਿਆ-ਸੁਣਿਆ ਨਹੀਂ।" ਮੈਡਮ ਨੇ ਫਿਰ ਉਹੀ ਇਤਰਾਜ਼ ਕਰ ਵਿਖਾਇਆ।

ਮੇਰੇ ਚਿੱਤ ਵਿੱਚ ਆਇਆ ਕਿ ਮੈਂ ਆਖਾਂ-"ਮੈਡਮ ਜੀ ਮੈਂ ਜਦੋਂ ਰਾਮਪੁਰੇ ਪੜ੍ਹਦਾ ਸਾਂ ਤਾਂ ਸਾਨੂੰ ਰਾਹ ਵਿੱਚ ਇੱਕ ਟਿੱਬੇ ਤੋਂ ਲੰਘਣਾ ਪੈਂਦਾ ਸੀ। ਉਸ ਨੂੰ ਬੱਲੂਆਣਾ ਟਿੱਬਾ ਕਹਿੰਦੇ ਸਨ। ਸਾਨੂੰ ਮੁੰਡਿਆਂ ਨੂੰ ਉੱਥੇ ਆ ਕੇ ਸਾਈਕਲਾਂ ਤੋਂ ਉੱਤਰ ਕੇ ਸਾਈਕਲ ਗੱਡੇ ਦੀ ਲੀਹ ਵਿੱਚ ਪਾ ਕੇ ਲੰਘਾਉਣੇ ਪੈਂਦੇ ਸਨ। ਮੈਂ ਉੱਥੇ ਆ ਕੇ ਚੇੜ੍ਹ ਵਿੱਚ ਲੀਹ ਪਾੜ ਕੇ ਜ਼ੋਰ ਲਾ ਕੇ ਸਾਈਕਲ ਖਿੱਚਦਾ। ਲੀਹਾਂ ਵਿੱਚ ਤੁਰਨਾ ਸੌਖਾ ਤਾਂ ਹੁੰਦੈ, ਪਰ ਲੀਹ ਪਾੜ ਕੇ ਔਖੇ ਰਾਹ ਤੁਰਨਾ ਸਿਦਕਦਿਲੀ ਵੀ ਹੁੰਦੈ। ਇਹੋ ਹਾਲ ਸਾਡੀਆਂ ਰਹੁ-ਰੀਤਾਂ ਦਾ ਹੈ। ਮੈਂ ਆਪਣੇ ਰਾਹ ਤਲਾਸ਼ੇ ਹੋਏ ਨੇ।" ਪਰ ਮੈਂ ਇਹ ਵਿਚਾਰ ਆਪਣੇ ਮਨ ਵਿੱਚ ਹੀ ਦਬਾਅ ਲਏ ਸਨ।

ਮੈਂ ਫਿਰ ਪਹਿਲੇ ਬੋਲ ਹੀ ਦੁਹਰਾਅ ਦਿੱਤੇ-"ਮੈਡਮ ਜੀਓ! ਮੇਰੇ ਇਹ ਬੱਚੇ ਅੱਜ ਵਾਲ਼ਾ ਪਾਠ ਘਰੋਂ ਪੜ੍ਹ ਕੇ ਆਏ ਨੇ। ਅਸੀਂ ਆਪਸ ਵਿੱਚ ਪਾਠ ਵਿਚਲੇ ਵਿਸ਼ੇ ਉੱਪਰ ਹੀ ਗੱਲਾਂ ਕਰ ਰਹੇ ਹਾਂ। ਜਦੋਂ ਮੈਂ ਜਮਾਤ ਵਿੱਚੋਂ ਬਾਹਰ ਜਾਵਾਂਗਾ ਤਾਂ ਪਾਠ ਦਾ ਹਰ ਪ੍ਰਸ਼ਨ, ਕਠਿਨ ਸ਼ਬਦਾਂ ਦੇ ਅਰਥ, ਅਤੇ ਵਿਆਕਰਨ ਨਾਲ਼ ਸੰਬੰਧਤ ਹਰ ਗੱਲ ਇਨ੍ਹਾਂ ਦੀ ਪਕੜ ਵਿੱਚ ਹੋਵੇਗੀ, ਮੈਨੂੰ ਵਿਸ਼ਵਾਸ ਹੈ।"

ਮੈਡਮ ਥੋੜ੍ਹਾ ਸਹਿਜ ਹੋ ਕੇ ਬੋਲੇ-"ਕਮਾਲ ਹੈ, ਮੈਨੂੰ ਤਾਂ ਹੈਰਾਨੀ ਹੋਈ ਜਾਂਦੀ ਹੈ ਸਾਰਾ ਕੁੱਝ ਸੁਣ ਕੇ।" ਉਹ ਹੋਰ ਠੰਢੇ ਹੋ ਗਏ-"ਕੱਲ੍ਹ ਕਿਹੜਾ ਪਾਠ ਪੜ੍ਹਾਇਆ ਸੀ? ਕਿਸੇ ਬੱਚੇ ਕੋਲ਼ ਕਿਤਾਬ ਹੈ ਤਾਂ ਦਿਓ।"

ਸਬੱਬ ਨਾਲ਼ ਇੱਕ ਬੱਚੇ ਦੇ ਬਸਤੇ ਵਿੱਚੋਂ ਕਿਤਾਬ ਨਿਕਲ਼ ਆਈ ਸੀ। "ਕੱਲ੍ਹ ਕਿਹੜਾ ਪਾਠ ਪੜ੍ਹਿਆ ਸੀ?" ਮੈਡਮ ਜੀ ਨੇ ਕੱਲ੍ਹ ਪੜ੍ਹਾਏ ਪਾਠ ਬਾਰੇ ਫਿਰ ਪੁੱਛਿਆ ਤਾਂ ਬੱਚਿਆਂ ਨੇ ਹੀ ਪਾਠ ਦਾ ਨਾਂਅ ਦੱਸ ਕੇ ਉੱਤਰ ਦੇ ਦਿੱਤਾ। ਮੈਡਮ ਨੇ ਕਿਤਾਬ ਵਿੱਚੋਂ ਉਸ ਪਾਠ ਦੇ ਅਭਿਆਸੀ ਪ੍ਰਸ਼ਨਾਂ ਵਿੱਚੋਂ ਪਹਿਲਾ ਪ੍ਰਸ਼ਨ ਪੁੱਛਿਆ ਤਾਂ ਬੱਚਿਆਂ ਦੇ ਹੱਥ ਹਵਾ ਵਿੱਚ ਲਹਿਰਾਉਣ ਲੱਗੇ।

ਮੈਂ ਦਖ਼ਲ ਦਿੱਤਾ-"ਮੈਡਮ ਜੀ ਪਹਿਲਾਂ ਉਸ ਪਿੱਛੇ ਬੈਠੇ ਬੱਚੇ ਤੋਂ ਪੁੱਛੋ ਜੀ, ਜਿਹੜਾ ਨੀਂਵੀਂ ਪਾਈ ਬੈਠਾ ਹੈ।"

"ਓਸ ਤੋਂ ਹੀ ਕਿਉਂ?" ਮੈਡਮ ਜੀ ਨੇ ਸੁਆਲ ਕੀਤਾ।

"ਇਹ ਕੱਲ੍ਹ ਪਾਠ ਪੜ੍ਹ ਕੇ ਨਹੀਂ ਸੀ ਆਇਆ। ਅੱਜ ਵੀ ਇਹ ਪੜ੍ਹ ਕੇ ਨਹੀਂ ਆਇਆ।" ਮੈਂ ਉੱਤਰ ਦਿੱਤਾ।

ਜਦ ਮੈਡਮ ਨੇ ਉਸ ਬੱਚੇ ਤੋਂ ਪੁੱਛਿਆ ਤਾਂ ਥੋੜ੍ਹਾ ਉਲ਼ਝਣ ਵਿੱਚ ਤਾਂ ਪਿਆ, ਪਰ ਝਕਦੇ-ਝਕਦੇ ਨੇ ਅੱਧ-ਪਚੱਧ ਜਿਹਾ ਵਿੰਗਾ-ਟੇਢਾ ਉੱਤਰ ਦੇ ਦਿੱਤਾ। ਇਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਉਸ ਵਿਦਿਆਰਥੀ ਨੇ ਪਾਠ ਤਾਂ ਪੜ੍ਹਿਆ ਨਹੀਂ ਸੀ, ਪਰ ਕਲਾਸ ਵਿੱਚ ਹੋਈਆਂ ਗੱਲਾਂ ਸੁਣੀਆਂ ਸਨ।

"ਜੀ ਹੁਣ ਜਿਸ ਤੋਂ ਮਰਜ਼ੀ ਹੈ, ਪੁੱਛ ਲਵੋ।" ਮੈਂ ਕਿਹਾ। ਮੈਡਮ ਜੀ ਪ੍ਰਸ਼ਨ ਕਰਨ ਸਾਰੇ ਬੱਚੇ ਹਵਾ ਵਿੱਚ ਹੱਥ ਲਹਿਰਾਉਣ ਲੱਗ ਪੈਣ। ਸਭ ਨੇ ਜਵਾਬ ਵੀ ਪਟਾਕ-ਪਟਾਕ ਦਿੱਤੇ। ਮੈਡਮ ਜੀ ਦੀ ਤਸੱਲੀ ਕੀ ਹੋਈ, ਉਹਨਾਂ ਦੇ ਚਿਹਰੇ ਤੋਂ ਖੁਸ਼ੀ ਸਾਂਭੇ ਨਹੀਂ ਸੀ ਜਾ ਰਹੀ। ਮੇਰੇ ਮੋਢੇ 'ਤੇ ਥਾਪੜਾ ਦੇ ਕੇ ਆਸ਼ੀਰਵਾਦ ਵੀ ਦੇ ਗਏ। ਮੇਰਾ ਵੀ ਹੌਸਲਾ ਦੂਣਾ-ਚੌਣਾ ਹੋ ਗਿਆ।

"ਅੱਛਾ ਇਹ ਦੱਸੋ ਬਈ ਇਹ ਵਿਦਿਆਰਥੀ ਪੜ੍ਹਨਾ ਕਿਵੇਂ ਸਿਖਦੇ ਨੇ? ਸ਼ਬਦ ਉਠਾਉਣੇ ਵੀ ਜ਼ਰੂਰੀ ਹੁੰਦੇ ਨੇ। ਘਰ ਵਿੱਚ ਤਾਂ ਇਹ ਸ਼ਬਦ-ਜੋੜ ਗਲਤ-ਮਲਤ ਵੀ ਪੜ੍ਹ ਸਕਦੇ ਨੇ।"

ਉਨ੍ਹਾਂ ਦੇ ਇਸ ਪ੍ਰਸ਼ਨ ਨੇ ਵੀ ਮੇਰੀ ਹੌਸਲਾ-ਅਫ਼ਜ਼ਾਈ ਹੀ ਕੀਤੀ ਸੀ। ਇਸ ਪ੍ਰਸ਼ਨ ਦਾ ਉੱਤਰ ਦੇ ਕੇ ਮੈਂ ਉਨ੍ਹਾਂ ਦੀ ਤਸੱਲੀ ਕਰਾ ਦਿੱਤੀ ਸੀ-"ਲਗਾਂ-ਮਾਤਰਾਂ ਅਤੇ ਸ਼ਬਦ ਉਠਾਉਣ ਦਾ ਇਹ ਅਭਿਆਸ ਤਾਂ ਮੈਂ ਛੇਵੀਂ ਵਿੱਚ ਨਿਬੇੜ ਦਿੰਦਾ ਹਾਂ। ਛੇਵੀਂ ਜਮਾਤ ਵਿੱਚ ਦੋ ਕੁ ਮਹੀਨੇ ਮੁਹਾਰਨੀ ਸਿਖਾ ਕੇ, ਕਿਤਾਬ ਤੋਂ ਹੀ ਪੜ੍ਹਾ ਕੇ ਅਭਿਆਸ ਕਰਾਉਂਦਾ ਹਾਂ। ਹਰੇਕ ਬੱਚੇ ਦੇ ਕੋਲ਼ ਖੜੋ ਕੇ ਉਸ ਦੀ ਪੜ੍ਹਨ ਦੀ ਜਾਂਚ ਕਰਦਾ ਹਾਂ। ਕੁੱਝ ਵਿਦਿਆਰਥੀਆਂ ਤੋਂ ਪੰਜਾਬੀ ਦਾ ਕਾਇਦਾ ਵੀ ਮੰਗਵਾਉਣਾ ਪੈਂਦਾ ਹੈ। ਵਿਰੋਧ ਵੀ ਖੜ੍ਹਾ ਹੁੰਦਾ ਹੈ, ਜਦੋਂ ਪ੍ਰਾਇਮਰੀ ਵਾਲ਼ੇ ਉਸ ਅਧਿਆਪਕ ਨੂੰ ਪਤਾ ਲੱਗਦਾ ਹੈ ਜਿਸ ਦੀ ਇਹ ਜਮਾਤ ਹੁੰਦੀ ਹੈ" ਮੈਡਮ ਦੀ ਪੂਰੀ ਤਰ੍ਹਾਂ ਤਸੱਲੀ ਹੋ ਗਈ।

ਮੈਂ ਉਨ੍ਹਾਂ ਦਾ ਧਿਆਨ ਬਲੈਕ ਬੋਰਡ ਵੱਲ ਖਿੱਚਿਆ। ਬਲੈਕ ਬੋਰਡ ਉੱਪਰ ਨਾਂਵ ਦੀਆਂ ਪੰਜ ਕਿਸਮਾਂ ਦੀਆਂ ਉਦਾਹਰਣਾਂ ਲਿਖੀਆਂ ਹੋਈਆਂ ਸਨ। ਇਹ ਉਦਾਹਰਣਾਂ ਅੱਜ ਪੜ੍ਹਾਏ ਜਾ ਰਹੇ ਪਾਠ ਦਾ ਅਭਿਆਸੀ ਪ੍ਰਸ਼ਨ ਹੀ ਸੀ। ਮੈਂ ਉਨ੍ਹਾਂ ਨੂੰ ਆਪਣੀ ਵਿਆਕਰਨ ਪੜ੍ਹਾਉਣ ਦੀ ਵਿਧੀ ਬਾਰੇ ਦੱਸਿਆ ਤਾਂ ਉਹ ਹੋਰ ਵੀ ਖੁਸ਼ ਹੋ ਗਏ।

ਉਸ ਤੋਂ ਬਾਅਦ ਉਹ ਸਾਰੀਆਂ ਜਮਾਤਾਂ ਵਿੱਚ ਗਏ। ਬਹੁਤ ਸਮਾਂ ਦਫ਼ਤਰ ਵਿੱਚ ਵੀ ਲਾਇਆ। ਕੁੱਝ ਦਿਨਾਂ ਬਾਅਦ ਸਕੂਲ ਦੌਰੇ ਦੀ ਰਿਪੋਰਟ ਸਕੂਲ ਦੇ ਦਫ਼ਤਰ ਵਿੱਚ ਪਹੁੰਚੀ। ਸਭ ਨੂੰ ਉਤਸੁਕਤਾ ਸੀ, ਰਿਪੋਰਟ ਦੇਖਣ ਦੀ। ਬਾਕੀ ਸਭ ਕਾਸੇ ਬਾਰੇ ਇੱਕ-ਇੱਕ, ਦੋ-ਦੋ ਸਤਰਾਂ ਵਿੱਚ ਗੱਲ ਮੁਕਾਈ ਹੋਈ ਸੀ, ਪਰ ਮੇਰੇ ਕੰਮ-ਢੰਗ ਬਾਰੇ ਸਿਫ਼ਤਾਂ ਨਾਲ਼ ਪੂਰਾ ਇੱਕ ਪੰਨਾ ਭਰਿਆ ਹੋਇਆ ਸੀ। ਮੈਨੂੰ ਇਹ ਗੱਲ ਕਹਿੰਦਿਆਂ ਕੋਈ ਝਿਜਕ ਨਹੀਂ ਕਿ ਜ਼ਿਆਦਾਤਰ ਅਧਿਆਪਕ ਸੜ-ਬਲ ਕੇ ਕੋਇਲੇ ਹੋ ਗਏ ਸਨ, ਕਿਉਂਕਿ ਬਾਕੀ ਵਿਸ਼ਿਆਂ ਦੇ ਕਿਸੇ ਵੀ ਅਧਿਆਪਕ ਦੀ ਸਿਫ਼ਤ ਵਿੱਚ (ਠੀਕ ਸੀ) ਤੋਂ ਵੱਧ ਇੱਕ ਵੀ ਸ਼ਬਦ ਨਹੀਂ ਸੀ ਲਿਖਿਆ ਹੋਇਆ।

ਛੇਵੀਂ ਜਮਾਤ ਤੱਕ ਹਫ਼ਤੇ ਦਾ ਇੱਕ ਦਿਨ ਮੈਂ ਇਸ ਕੰਮ ਲਈ ਨਿਸਚਿਤ ਕੀਤਾ ਹੋਇਆ ਸੀ।

ਉਸ ਦਿਨ ਕਿਤਾਬ ਲਿਆਉਣ ਦੀ ਵੀ ਹਦਾਇਤ ਹੁੰਦੀ ਸੀ। ਤਕਰੀਬਨ ਹਰੇਕ ਬੱਚਾ ਕਿਤਾਬ ਲੈ ਕੇ ਆਉਂਦਾ ਸੀ। ਮੈਂ ਕਦੇ ਵੀ ਕੁਰਸੀ 'ਤੇ ਬੈਠ ਕੇ ਨਹੀਂ ਸੀ ਪੜ੍ਹਾਉਂਦਾ। ਵਾਰੀ-ਵਾਰੀ ਸਾਰੇ ਵਿਦਿਆਰਥੀਆਂ ਤੋਂ ਇੱਕ-ਇੱਕ ਪੈਰਾ, ਜੇ ਪੈਰਾ ਛੋਟਾ ਹੈ ਤਾਂ ਦੋ ਪੈਰੇ ਪੜ੍ਹਾ ਕੇ ਵੇਖਦਾ ਸਾਂ। ਮੈਂ ਵਿਦਿਆਰਥੀ ਦੀ ਮਦਦ ਲਈ ਉਸ ਦੇ ਕੋਲ਼ ਜਾ ਖੜ੍ਹਦਾ ਸਾਂ। ਜਿੱਥੇ ਕਿਤੇ ਉਕਾਈ ਹੁੰਦੀ ਸੀ, ਮੈਂ ਉਸ ਦੀ ਸਹਾਇਤਾ ਕਰਦਾ ਸਾਂ।

ਇੱਕ ਹੋਰ ਜ਼ਰੂਰੀ ਘਟਨਾ ਦਾ ਇੱਥੇ ਉਲੇਖ ਕਰਨਾ ਅਣ-ਉੱਚਿਤ ਨਹੀਂ ਹੋਵੇਗਾ, ਜੋ ਮੇਰੇ ਪੜ੍ਹਾਉਣ ਦੇ ਢੰਗ-ਤਰੀਕਿਆਂ ਦਾ ਹਾਸਲ ਹੈ।

ਜਦ ਮੈਂ ਛੂਆ-ਛਾਤ ਦੇ ਮੱਠ 'ਡੇਰਾ ਰੂਮੀ ਵਾਲ਼ਾ' ਦੇ ਅੰਦਰਲੇ ਗੰਦ ਨੂੰ ਫਰੋਲਦੀ ਪੁਸਤਕ-'ਅੰਨ੍ਹੀਂ ਥਿਹ'-ਲਿਖੀ ਤਾਂ ਪਿੰਡ ਦੇ ਅਕਾਲੀਆਂ ਨੂੰ ਮੇਰੀ ਬਦਲੀ ਕਰਾਉਣ ਦਾ ਮੌਕਾ ਮਿਲ਼ ਗਿਆ। ਉਨ੍ਹਾਂ ਮੇਰੇ ਖ਼ਿਲਾਫ਼ ਸ਼ਿਕਾਇਤ ਕੀਤੀ-"ਪੰਜਾਬੀ ਅਧਿਆਪਕ ਅਤਰਜੀਤ ਸਿੰਘ ਨਕਸਲੀਆ ਹੈ ਤੇ ਪਿੰਡ ਵਿੱਚ ਕਿਸੇ ਵੇਲ਼ੇ ਵੀ ਗੋਲ਼ੀ ਚੱਲ ਸਕਦੀ ਹੈ। ਉਹ ਕੁੜੀਆਂ ਨੂੰ ਕਹਿੰਦਾ ਹੈ ਕਿ ਅਸਲ ਸੰਤ ਤਾਂ ਮੈਂ ਹਾਂ, ਮੈਨੂੰ ਮੱਥਾ ਟੇਕਿਆ ਕਰੋ, ਵਗੈਰਾ-ਵਗੈਰਾ।"

ਖ਼ਾਲਿਸਤਾਨੀ ਦਹਿਸ਼ਤਗਰਦੀ ਦਾ ਦੌਰ ਹਾਵੀ ਸੀ। ਮੈਨੂੰ ਭਾਵੇਂ ਜਾਲ਼ੀ ਹੀ ਸਨ, ਧਮਕੀ-ਪੱਤਰ ਆ ਚੁੱਕੇ ਸਨ-"ਭਿੰਡਰਾਂ ਵਾਲ਼ੇ ਦੇ ਮਿਸ਼ਨ ਦਾ ਵਿਰੋਧ ਕਰਨ ਵਾਲ਼ੇ ਦੇ ਪਰਵਾਰ ਨੂੰ ਖ਼ਤਮ ਕਰ ਦਿਆਂਗੇ।" ਮੈਡਮ ਸ਼ਕੁੰਤਲਾ ਗੁਪਤਾ ਹੀ ਪੜਤਾਲ਼ ਕਰਨ ਲਈ ਆਏ। ਸੇਵਾਦਾਰ ਨੇ ਮੈਨੂੰ ਦਫ਼ਤਰ ਵਿੱਚ ਹਾਜ਼ਰ ਹੋਣ ਦਾ ਸੁਨੇਹਾ ਲਾਇਆ। ਮੈਂ ਹੱਥ ਵਿੱਚ ਕਿਤਾਬ ਫੜੀ ਮੈਡਮ ਅੱਗੇ ਪੇਸ਼ ਹੋਇਆ ਤਾਂ ਉਨ੍ਹਾਂ ਦੇ ਸ਼ਬਦ ਸਨ-"ਮੈਂ ਤੁਹਾਨੂੰ ਨਹੀਂ ਸੱਦਿਆ। ਉਸ ਅਧਿਆਪਕ ਨੂੰ ਭੇਜੋ, ਜਿਸ ਦੇ ਖ਼ਿਲਾਫ਼ ਸ਼ਿਕਾਇਤ ਹੈ।"

"ਮੈਡਮ ਜੀ, ਸ਼ਿਕਾਇਤ ਮੇਰੇ ਖ਼ਿਲਾਫ਼ ਹੀ ਹੈ। ਹੁਕਮ ਕਰੋ।"

"ਗੱਲ ਕੀ ਹੈ ਫਿਰ। ਪਿੰਡ ਦੇ ਲੋਕ ਤੁਹਾਡੇ ਖ਼ਿਲਾਫ਼ ਕਿਉਂ ਹੋ ਗਏ?"

"ਮੈਡਮ ਜੀ ਪਿੰਡ ਦੇ ਲੋਕ ਤਾਂ ਮੇਰੀ ਤਿੰਨ ਵਾਰ ਬਦਲੀ ਰੱਦ ਕਰਵਾ ਕੇ ਲਿਆਉਂਦੇ ਰਹੇ ਨੇ। ਇਹ ਤਾਂ ਚਾਰ-ਪੰਜ ਕੁ ਅਕਾਲੀ ਨੇ, ਜਿਹੜੇ ਡੇਰਾ ਰੂਮੀ ਵਾਲ਼ਾ ਬਾਰੇ ਲਿਖੀ ਮੇਰੀ ਏਸ ਕਿਤਾਬ ਤੋਂ ਆਫਰ ਗਏ ਨੇ।"

ਇਸ ਦੇ ਨਾਲ਼ ਹੀ ਮੈਂ ਪੁਸਤਕ ਦਾ ਵਿਸ਼ਾ ਸੰਖੇਪ ਵਿੱਚ ਦੱਸ ਦਿੱਤਾ-"ਇਸ ਡੇਰੇ ਵਿੱਚ ਛੂਤ-ਛਾਤ ਕੀਤੀ ਜਾਂਦੀ ਹੈ ਤੇ ਛੋਟੀਆਂ ਜਾਤਾਂ ਦੇ ਲੋਕਾਂ ਨੂੰ ਡੇਰੇ ਵਿੱਚ ਜਾਣ ਦੀ ਆਗਿਆ ਨਹੀਂ। ਜੇ ਕੋਈ ਚਲਾ ਵੀ ਜਾਵੇ ਤਾਂ ਉਸ ਦੀ ਹੱਤਕ ਕੀਤੀ ਜਾਂਦੀ ਹੈ, ਘੜੀਸ ਕੇ ਡੇਰੇ ਤੋਂ ਬਾਹਰ ਕੱਢ ਦਿੰਦੇ ਨੇ।"

"ਜਾਓ ਆਪਣੀ ਕਲਾਸ ਲਓ। ਮੈਂ ਕੋਈ ਪੜਤਾਲ਼ ਨਹੀਂ ਕਰਨੀ।" ਪਿੰਡ ਵਾਲ਼ੇ ਦਫ਼ਤਰ ਵਿੱਚ ਵੜਨ ਲੱਗੇ ਤਾਂ ਮੇਰੇ ਸਾਹਮਣੇ ਮੈਡਮ ਉਨ੍ਹਾਂ ਨੂੰ ਕੁਦਾੜ ਕੇ ਪਏ-"ਤੁਸੀਂ ਹੋਰ ਕੀ ਕਹਿਣੈ। ਅਰਜ਼ੀ ਵਿੱਚ ਸਾਰਾ ਕੁੱਝ ਤਾਂ ਲਿਖ ਦਿੱਤਾ ਹੈ। ਬਾਹਰ ਚਲੋ। ਇਹ ਅਧਿਆਪਕ ਮੈਨੂੰ ਸਾਰੀ ਗੱਲ ਦੱਸ ਗਿਆ ਹੈ।"

ਮੈਡਮ ਸ਼ਕੁੰਤਲਾ ਗੁਪਤਾ ਦੀ ਰਿਪੋਰਟ ਅਤੇ ਸਵਰਗੀ ਨਾਟਕਕਾਰ ਤੇ ਉਸ ਸਮੇਂ ਦੇ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ.) ਦੇ ਜਨਰਲ ਸਕੱਤਰ ਬਾਪੂ ਤੇਰਾ ਸਿੰਘ ਚੰਨ ਹੁਰਾਂ ਦੇ ਦਖ਼ਲ ਨਾਲ਼ ਡੀ.ਈ.ਓ. ਸਾਹਿਬ ਸ੍ਰ. ਗੁਰਦਿਆਲ ਸਿੰਘ ਜੱਸਲ ਹੁਰਾਂ ਨੇ ਮੇਰੀ ਬਦਲੀ ਅਦਬ ਕਰਦਿਆਂ ਬਠਿੰਡਾ ਦੇ ਨਜ਼ਦੀਕ ਜੱਸੀ ਪਾਉ ਵਾਲ਼ੀ ਦੀ ਕੀਤੀ ਸੀ।

ਮੈਡਮ ਸ਼ਕੁੰਤਲਾ ਗੁਪਤਾ ਇਸ ਵਰ੍ਹੇ ਸੰਸਾਰ ਤੋਂ ਰੁਖਸਤ ਹੋ ਗਏ ਹਨ, ਪਰ ਮੇਰੇ ਮਨ ਵਿੱਚ ਉਨ੍ਹਾਂ ਪ੍ਰਤੀ ਸਤਿਕਾਰ ਭਾਵਨਾ ਅੱਜ ਵੀ ਬਰਕਰਾਰ ਹੈ।

ਜਿੱਥੋਂ ਤੱਕ ਪੜ੍ਹਨ-ਪੜ੍ਹਾਉਣ ਦੀ ਪ੍ਰਕਿਰਿਆ ਦਾ ਪ੍ਰਸ਼ਨ ਹੈ, ਉੱਚ ਪੱਧਰ 'ਤੇ ਆ ਕੇ ਵਿਦਿਆਰਥੀਆਂ ਦੀ ਨਜ਼ਰ ਦਾ ਦ੍ਰਿਸ਼ਟੀ ਸੁਪਾਤ (ਨਜ਼ਰ ਦੀ ਹੱਦ) ਵਿਕਸਤ ਹੋ ਗਿਆ ਹੁੰਦਾ ਹੈ। ਇਹ ਗੱਲ ਆਪਣੇ ਸਭ ਦੇ ਤਜਰਬੇ ਵਿੱਚੋਂ ਦੀ ਲੰਘੀ ਹੈ ਕਿ ਸ਼ੁਰੂ ਵਿੱਚ ਬੱਚਾ ਇਕੱਲਾ-ਇਕੱਲਾ ਅੱਖਰ ਜੋੜ ਕੇ ਪੜ੍ਹਦਾ ਹੈ-"ਈਡੀ ਨੂੰ ਸਿਹਾਰੀ ਹਾਹਾ ਇਹ, ਮੰਮੇ ਨੂੰ ਲਾਂਵ ਮੇ ਰਾਰੇ ਨੂੰ ਲਾਂਵ ਰੇ ਮੇਰੇ ਆਦਿ।" ਫਿਰ ਉਹ ਸਿੱਧਾ "ਇਹ...ਮੇਰਾ...ਸਕੂਲ...ਹੈ। ਮੈਨੂੰ...ਆਪਣੇ ਸਕੂਲ...ਨਾਲ਼...ਬਹੁਤ...ਪਿਆਰ...ਹੈ।...ਸਵੇਰ...ਦੀ...ਸੈਰ...ਸਿਹਤ...ਲਈ...ਬਹੁਤ...ਜ਼ਰੂਰੀ...ਹੁੰਦੀ...ਹੈ" ਸ਼ਬਦ-ਸ਼ਬਦ ਅੱਖਾਂ ਅੱਗੇ ਲਿਆ ਕੇ ਪੜ੍ਹਨ ਲੱਗਦਾ ਹੈ। ਫਿਰ ਸਮੇਂ ਨਾਲ਼ ਵਾਕ ਵਿਚਲੇ ਸ਼ਬਦਾਂ ਦੇ ਗੁੱਛੇ ਉਸ ਦੀਆਂ ਅੱਖਾਂ ਅੱਗੇ ਸਾਕਾਰ ਹੋ ਜਾਂਦੇ ਹਨ-"ਸਵੇਰ ਦੀ ਸੈਰ... ਸਿਹਤ ਲਈ ਬਹੁਤ...ਜ਼ਰੂਰੀ ਹੁੰਦੀ ਹੈ"-ਤੇ ਹੋਰ ਅਭਿਆਸ ਨਾਲ਼ ਪੂਰਾ ਵਾਕ-'ਸਵੇਰ ਦੀ ਸੈਰ ਸਿਹਤ ਲਈ ਬਹੁਤ ਜ਼ਰੂਰੀ ਹੈ।' ਅਸੀਂ ਆਪਣੇ ਅਭਿਆਸ ਵਿੱਚੋਂ ਇਹ ਕੁੱਝ ਅਨੁਭਵ ਕਰ ਸਕਦੇ ਹਾਂ।

ਇਸ ਤਰ੍ਹਾਂ ਦੇ ਲਗਾਤਾਰ ਅਭਿਆਸ ਵਿੱਚੋਂ ਲੰਘਦਿਆਂ ਇੱਕੋ ਸਮੇਂ ਉਸ ਦੀ ਅੱਖ ਕਈ ਸ਼ਬਦਾਂ ਨੂੰ ਦੇਖਣ ਦੇ ਸਮਰੱਥ ਹੋ ਜਾਂਦੀ ਹੈ। ਜਿਵੇਂ ਉਹ ਪੜ੍ਹਦਾ ਜਾਂਦਾ ਹੈ, ਅਗਲੇ ਸ਼ਬਦਾਂ ਦੇ ਗੁੱਛੇ ਉਸ ਦੀ ਅੱਖ ਦੇ ਅੱਗੇ ਆਉਂਦੇ-ਜਾਂਦੇ ਹਨ। ਇਸ ਪ੍ਰਕ੍ਰਿਆ ਨੂੰ ਹੀ ਦ੍ਰਿਸ਼ਟੀ ਸੁਪਾਤ ਦਾ ਨਾਂਅ ਦਿੱਤਾ ਜਾਂਦਾ ਹੈ, ਭਾਵ ਇੱਕੋ ਸਮੇਂ ਸ਼ਬਦਾਂ ਦੇ ਗੁੱਛੇ ਨੂੰ ਨਿਗਾਹ ਹੇਠ ਕਰ ਲੈਣਾ। ਇਸ ਤਰ੍ਹਾਂ ਪੜ੍ਹਨ ਦੀ ਰਫ਼ਤਾਰ ਵੀ ਵਧ ਜਾਂਦੀ ਹੈ। ਮੇਰੇ ਇਨ੍ਹਾਂ ਅਨੁਭਵਾਂ ਦਾ ਚੰਗਾ ਫਲ਼ ਵੀ ਮੈਨੂੰ ਮਿਲ਼ਿਆ।

ਵਿਸ਼ੇ ਤੋਂ ਬਾਹਰ ਜਾ ਕੇ ਵੀ ਮੈਂ ਉਸ ਵਿਸ਼ੇ ਨਾਲ਼ ਜੁੜਦਾ ਹੋਰ ਗਿਆਨ ਵੀ ਵਿਦਿਆਰਥੀਆਂ ਨੂੰ ਦੇਣ ਤੋਂ ਖੁੰਝਦਾ ਨਹੀਂ ਸਾਂ। ਇਸ ਦਾ ਮੈਨੂੰ ਕਈ ਵਾਰ ਨੁਕਸਾਨ ਵੀ ਝੱਲਣਾ ਪਿਆ, ਪਰ ਨੁਕਸਾਨ ਨਾਲ਼ੋਂ ਲਾਭ ਵੱਧ ਹੋਇਆ। ਕਈ ਵਾਰ ਮੁੱਖ ਅਧਿਆਪਕ ਵੀ ਵਿਰੋਧ ਕਰਦੇ। ਇਸ ਤਰ੍ਹਾਂ ਪੜ੍ਹਾਉਣਾ ਖ਼ਾਸ ਕਰਕੇ ਪਿੰਡ ਦੇ ਅਕਾਲੀਆਂ ਨੂੰ ਕਦੇ ਵੀ ਮੁਆਫ਼ਕ ਨਾ ਆਇਆ।

ਭੁੱਚੋ ਕਲਾਂ ਪਿੰਡ ਦੇ ਪੰਜ-ਚਾਰ ਕੁ ਅਕਾਲੀਆਂ ਨੇ ਬਾਦਲ ਦੀ ਸਰਕਾਰ ਦਾ ਲਾਹਾ ਲੈ ਕੇ ਮੇਰੀ